# ਇੱਕੀਵੀਂ ਸਦੀ ਦਾ ਪੰਜਾਬੀ ਨਾਟਕ: ਨਾਰੀ ਦ੍ਰਿਸ਼ਟੀ

# ਨਾਟਕ ਜਾਣ ਪਛਾਣ:

ਨਾਟਕ ਸਿਰਫ ਇੱਕ ਸਾਹਿਤ ਰੂਪ ਨਹੀਂ ਹੈ ਇਹ ਸਾਹਿਤ ਤੋਂ ਪਰ੍ਹੇ ਦਾ ਅਨੁਭਵ ਕਰਾਉਣ ਵਾਲੀ ਅਜਿਹੀ ਸਿਰਜਨਾਤਮਕ ਕਲਾ ਹੈ ਜੋ ਮਨੁੱਖੀ ਭਾਵਨਾਵਾਂ ਨੂੰ ਵਧੇਰੇ ਟੁੰਬਣ ਦੀ ਸਮਰੱਥਾ ਰੱਖਦਾ ਹੈ।ਨਾਟਕ ਇੱਕੋ ਵੇਲੇ ਸਾਹਿਤ ਅਤੇ ਰੰਗ ਮੰਚ ਨਾਲ ਜੁੜਿਆ ਹੁੰਦਾ ਹੈ।ਸਾਹਿਤ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਇਸ ਵਿੱਚ ਪੁਨਰ ਸਿਰਜੇ ਜਾਣ ਦੀਆਂ ਅਸੀਮ ਸੰਭਾਵਨਾਵਾਂ ਹੁੰਦੀਆਂ ਹਨ।ਨਾਟਕ ਸਮਕਾਲੀ ਪ੍ਰਸਥਿਤੀਆਂ ਦੇ ਅਨੁਸਾਰ ਆਪਣੇ ਅੰਦਰ ਕੁਝ ਨਵੇਂ ਤੱਤਾਂ ਨੂੰ ਸਮਾਉਂਦਾ ਹੈ ਅਤੇ ਇਸ ਵਿਚ ਸਮੇਂ ਦੇ ਨਾਲ ਨਵੀਆਂ ਅਰਥ ਸੰਭਾਵਨਾਵਾਂ ਉਜਾਗਰ ਹੁੰਦੀਆਂ ਜਾਂਦੀਆਂ ਹਨ।

ਨਾਟਕ ਸਮੇਂ ਸਮੇਂ ਤੇ ਆਪਣੇ ਉਦੇਸ਼ ਦੀ ਪੂਰਤੀ ਕਰਦਾ ਹੈ।ਪੰਜਾਬੀ ਨਾਟਕ ਸਾਹਿਤ ਵਿੱਚ ਔਰਤ ਦੀ ਭੂਮਿਕਾ ਨੂੰ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਪੱਖਾਂ ਤੋਂ ਵੇਖਿਆ ਜਾ ਸਕਦਾ ਹੈ।ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਕਈ ਵਾਰ ਸੰਘਰਸ਼ ਵੀ ਕਰਦੀ ਹੈ ਅਤੇ ਯੁੱਧ ਵੀ ਪਰ ਕਈ ਵਾਰ ਆਪਣੀਆਂ ਭਾਵਨਾਵਾਂ ਦੀ ਤਿਲਾਂਜਲੀ ਦੇ ਦਿੰਦੀ ਹੈ।

21ਵੀਂ ਸਦੀ ਦੀ ਪੜ੍ਹੀ ਲਿਖੀ ਔਰਤ ਆਪਣੇ ਹੱਕਾਂ ਪ੍ਰਤੀ ਸੁਚੇਤ ਤਾਂ ਹੈ ਪਰ ਸਮਾਜ ਉਸਨੂੰ ਆਜ਼ਾਦ ਹੋਣ ਦੀ ਆਗਿਆ ਨਹੀਂ ਦਿੰਦਾ।ਉਹ ਸਮਾਜਿਕ ਰੂੜੀਵਾਦੀ ਕਦਰਾਂ-ਕੀਮਤਾਂ ਅਤੇ ਸਮਾਜਿਕ ਬੰਧਨਾਂ ਨਾਲ ਸੰਘਰਸ਼ ਤਾਂ ਕਰਦੀ ਹੈ ਪਰ ਕਈ ਪ੍ਰਸਥਿਤੀਆਂ ਵਿੱਚ ਥੱਕ ਹਾਰ ਕੇ ਬੈਠ ਜਾਂਦੀ ਹੈ।ਪੰਜਾਬੀ ਨਾਟਕ ਸਾਹਿਤ ਵਿੱਚ ਅਜਿਹੇ ਕਈ ਨਾਟਕਕਾਰ ਹਨ ਜਿਨ੍ਹਾਂ ਨੇ ਇਸਤਰੀ ਨੂੰ ਕੇਂਦਰ ਵਿੱਚ ਰੱਖਿਆ

- ਹੈ।ਸਾਹਿਤਕਾਰ, ਸਮਾਜ ਵਿੱਚੋਂ ਘਟਨਾਵਾਂ ਨੂੰ ਲੈਂਦਾ ਹੈ ਅਤੇ ਸਾਹਿਤਕਤਾ ਦੀ ਪੁੱਠ ਚਾੜ੍ਹ ਕੇ ਵਾਪਸ ਸਮਾਜ ਸਾਹਮਣੇ ਉਹਨਾਂ ਦੀ ਪੇਸ਼ਕਾਰੀ ਕਰਦਾ ਹੈ।ਸਮਾਜ ਵਿੱਚ ਇਸਤਰੀ ਦਾ ਸਥਾਨ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਰਿਹਾ ਹੈ।ਇਸ ਪਾਠ ਯੋਜਨਾ ਦਾ ਉਦੇਸ਼ ਇੱਕਵੀ ਸਦੀ ਦੇ ਪੰਜਾਬੀ ਨਾਟਕ ਵਿੱਚ ਨਾਰੀ ਦੀ ਭੂਮਿਕਾ ਨੂੰ ਪੇਸ਼ ਕਰਨਾ ਹੈ

ਜਿਸ ਦੇ ਲਈ ਜਤਿੰਦਰ ਬਰਾੜ ਰਚਿਤ ਨਾਟਕ:

- ਫ਼ਾਸਲੇ (2006)
- ਕਦੇਸਣ (2001)

ਸਵਰਾਜਬੀਰ ਦੇ ਰਚਿਤ ਨਾਟਕ:

- ਮੇਦਨੀ (2002)
- ਸ਼ਾਇਰੀ (2004)

- ਮੱਸਿਆ ਦੀ ਰਾਤ (2013)
- ਤਸਵੀਰਾਂ (2015)

ਨਾਟਕਾਂ ਨੂੰ ਆਧਾਰ ਬਣਾਇਆ ਗਿਆ ਇਹ ਇੱਕਵੀਂ ਸਦੀ ਦੇ ਅਜਿਹੇ ਨਾਟਕ ਹਨ ਜੋ ਔਰਤ ਨੂੰ ਕੇਂਦਰ ਵਿੱਚ ਰੱਖਦੇ ਹਨ ਅਤੇ ਇਸ ਨਾਲ ਜੁੜੇ ਬਹੁ-ਪੱਖੀ ਪਾਸਾਰਾਂ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ।

ਆਦਿ ਕਾਲ ਤੋਂ ਹੀ ਇਸਤਰੀ ਨੂੰ ਸਾਹਿਤ ਸਿਰਜਣਾ ਦਾ ਆਧਾਰ ਬਣਾਇਆ ਗਿਆ ਹੈ।ਸਾਹਿਤ ਵਿੱਚ ਇਸਤਰੀ ਦੀ ਦੁ-ਪੱਖੀ ਸ਼ਖ਼ਸੀਅਤ ਦਾ ਬਿਆਨ ਮਿਲਦਾ ਹੈ।ਇੱਕ ਪਾਸੇ ਔਰਤ ਨੂੰ ਬਾਘਣ, ਨਾਗਿਨ, ਸੱਪਣੀ, ਕਾਮਿਨੀ, ਅਪਵਿੱਤਰ, ਚਲਿੱਤਰੀ ਕਹਿ ਕੇ ਭੰਡਿਆ ਗਿਆ ਹੈ ਅਤੇ ਦੂਜੇ ਪਾਸੇ ਉਸਦਾ ਦੇਵੀ ਰੂਪ ਸਵੀਕਾਰ ਕਰਕੇ ਪੂਜਣਯੋਗ ਵੀ ਕਿਹਾ ਗਿਆ ਹੈ।ਮੱਧਕਾਲੀ ਸਾਹਿਤ ਵਿੱਚ ਔਰਤ ਨੂੰ ਨਕਾਰਾਤਮਕ ਅਰਥਾਂ ਵਿੱਚ ਪੇਸ਼ ਕੀਤਾ ਗਿਆ।ਉਸਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਦਰਸਾਇਆ ਗਿਆ ਹੈ।ਪਰ ਗੁਰਬਾਣੀ ਨੇ ਇਸਤਰੀ ਨੂੰ ਵਡਿਆਇਆ ਹੈ।

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਲਿਖਦੇ ਹਨ:

ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ
ਸੋ ਕਿਉ ਮੰਦਾ ਆਖਿਐ ਜਿਤੁ ਜੰਮਹਿ ਰਾਜਾਨੁ॥ [1]

ਨਾਰੀ ਨਾਲ ਜੁੜੇ ਸਾਹਿਤ ਨੂੰ ਲੈ ਕੇ ਕੁਝ ਨਾਰੀਵਾਦੀ ਚਿੰਤਕਾਂ ਨੇ ਇਹ ਵੀ ਭਰਮ ਪਾਲਿਆ ਹੈ ਕਿ ਨਾਰੀ ਸੰਵੇਦਨਾਵਾਂ ਦੀ ਪੇਸ਼ਕਾਰੀ ਇਸਤਰੀ ਲੇਖਕਾਂ ਦੁਆਰਾ ਹੀ ਸੰਭਵ ਹੈ ਕਿਉਂਕਿ ਇਹ ਅਨੁਭਵ ਉਸਦੇ ਵਧੇਰੇ ਨਿਕਟ ਹਨ।ਪਰ ਪੰਜਾਬੀ ਸਾਹਿਤ ਵਿੱਚ ਅਜਿਹੇ ਕਈ ਮਰਦ ਲੇਖਕ ਵੀ ਹੋਏ ਹਨ ਜਿਨ੍ਹਾਂ ਨੇ ਨਾਰੀ ਦੀਆਂ ਭਾਵਨਾਵਾਂ ਨੂੰ ਸਮਝ ਕੇ ਅਜਿਹੇ ਨਾਰੀ ਪਾਤਰ ਸਿਰਜੇ ਹਨ ਜਿਨ੍ਹਾਂ ਨੂੰ ਸ਼ਾਇਦ ਹੀ ਕੋਈ ਇਸਤਰੀ ਲੇਖਕ ਸਿਰਜ ਸਕਦੀ ਉਦਾਹਰਨ ਵਜੋਂ ਸ਼ਿਵ ਕੁਮਾਰ ਦੀ ਲੂਣਾ ਨੂੰ ਵੇਖਿਆ ਜਾ ਸਕਦਾ ਹੈ।

ਬਲਦੇਵ ਸਿੰਘ

ਬਲੰਵਤ ਗਾਰਗੀ

ਜਤਿੰਦਰ ਬਰਾੜ

ਸਵਰਾਜਬੀਰ ਆਦਿ ਕਈ ਨਾਟਕਕਾਰ ਹਨ ਜਿਨ੍ਹਾਂ ਨੇ ਆਪਣੇ ਨਾਟਕਾਂ ਵਿੱਚ ਔਰਤ ਦੀਆਂ ਵਿਭਿੰਨ ਭੂਮਿਕਾਵਾਂ ਨੂੰ ਸੁੱਚਜੇ ਢੰਗ ਨਾਲ ਚਿਤਰਿਆ ਹੈ ।

ਮੁੱਢਲੇ ਨਾਟਕਾਂ ਵਿੱਚ ਔਰਤਾਂ ਨੂੰ ਪਰੰਪਰਕ ਅਤੇ ਰੂੜੀਵਾਦੀ ਦਿਖਾਇਆ ਗਿਆ ਹੈ।ਉਹ ਆਪਣੀਆਂ ਸੱਧਰਾਂ, ਉਮੰਗਾਂ, ਰੀਝਾਂ, ਚਾਵਾਂ, ਭਾਵਾਂ ਨੂੰ ਪਰਿਵਾਰ ਅਤੇ ਸਮਾਜ ਦੀ ਖਾਤਰ ਦਫਨਾਉਣ ਲਈ ਹਮੇਸ਼ਾ ਤਿਆਰ ਰਹਿੰਦੀ ਹੈ।ਪਰਿਵਾਰ ਅਤੇ ਸਮਾਜ ਵੀ ਉਸ ਦੀਆਂ ਭਾਵਨਾਵਾਂ ਦੀ ਬਲੀ ਨੂੰ ਖੁਸ਼ੀ ਖੁਸ਼ੀ ਸਵੀਕਾਰ ਕਰਦਾ ਹੈ।

20ਵੀਂ ਸਦੀ ਦੇ ਪੰਜਾਬੀ ਨਾਟਕ ਵਿੱਚ ਜੋ ਔਰਤ ਪੇਸ਼ ਹੋਈ ਹੈ ਉਹ ਆਜ਼ਾਦ ਤਾਂ ਹੋਣਾ ਚਾਹੁੰਦੀ ਹੈ ਪਰ ਕਿਤੇ ਨਾ ਕਿਤੇ ਮਰਦ ਦੀ ਚਾਹਤ ਵੀ ਰਖਦੀ ਹੈ। ਨਾਰੀਵਾਦੀ ਲਹਿਰ ਤੋਂ ਪ੍ਰਭਾਵਿਤ ਸਾਹਿਤ ਵਿੱਚ ਵੀ ਇਸਤਰੀ ਦੇ ਅਜਿਹੇ ਵਲਵਲੇ ਅਚੇਤ ਹੀ ਉਹਨਾਂ ਦੀਆਂ ਸਾਹਿਤਕ ਕਿਰਤਾਂ ਦਾ ਹਿੱਸਾ ਬਣਦੇ ਹਨ।ਨਾਰੀਵਾਦ ਸਿਆਸੀ ਲਹਿਰ ਦੇ ਰੂਪ ਵਿੱਚ ਉਗਮਿਆ ਸੀ।

Mary Wollstonecraft:

ਉਹ ਪਹਿਲੀ ਇਸਤਰੀ ਸੀ ਜਿਸ ਨੇ ਨਾਰੀ ਦੇ ਹੱਕ ਸੰਬੰਧੀ ਆਵਾਜ਼ ਉਠਾਈ ਸੀ।ਉਸ ਦੇ ਅਨੁਸਾਰ ਇਸਤਰੀ ਨੂੰ ਸਭ ਤੋਂ ਪਹਿਲਾਂ ਇੱਕ ਮੱਨੁਖ ਜਾਤੀ ਤੌਰ ‘ਤੇ ਸਵੀਕਾਰ ਕਰਨਾ ਚਾਹੀਦਾ ਹੈ, ਨਾ ਕਿ ਇੱਕ ‘ਵਸਤੂ’ ਦੇ ਤੌਰ ਤੇ ਕਿਉਂਕਿ ਇਸਤਰੀ ਦੇ ਖਾਸ ਗੁਣ, ਮਰਦ ਨਾਲੋਂ ਘੱਟ ਨਹੀਂ।ਇਸਤਰੀ ਵੀ ਸਮਝਦਾਰ ਅਤੇ ਤਰਕਸ਼ੀਲ ਪ੍ਰਾਣੀ ਹੈ।

ਨਾਰੀਵਾਦੀ ਲਹਿਰ ਪਿਤਾਤੰਤਰ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਅਤੇ ਹਰ ਪੱਖੋਂ ਨਾਰੀ ਦੇ ਹੱਕਾਂ ਅਤੇ ਅਧਿਕਾਰਾਂ ਦੀ ਪ੍ਰੋੜਤਾ ਕਰਦੀ ਹੈ। ਨਾਰੀਵਾਦ ਨੇ ਔਰਤ ਨੂੰ ਹਰ ਪੱਖੋਂ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਸਦੀ ਸਰੀਰਕ ਤੇ ਮਾਨਸਿਕ ਸ੍ਰੇਸ਼ਟਤਾ ਨੂੰ ਸਵੀਕਾਰਿਆ ਹੈ।

- **Nacy F. cott :**

‘ਬੇਸ਼ੱਕ ਨਾਰੀਵਾਦ ਦੀ ਵਿਆਖਿਆ ਕਰਨੀ ਸੌਖਾ ਕੰਮ ਨਹੀਂ, ਇਸ ਦੇ ਬਾਵਜੂਦ ਵੀ ਇਸ ਦੇ ਤਿੰਨ ਜੁਜ਼ ਜਾਂ ਅੰਸ਼ ਕਾਇਮ ਹਨ। ਜਿਨ੍ਹਾਂ ਵਿੱਚੋਂ ਸੰਪੂਰਨ ਤੌਰ ‘ਤੇ ਕੋਈ ਵੀ ਸੁਨਿਸ਼ਚਿਤ ਅਤੇ ਸਪੱਸ਼ਟ ਨਹੀਂ ਮੰਨਿਆ ਜਾ ਸਕਦਾ। ਲਿੰਗਾਂ ਦੀ ਸਮਾਨਤਾ ਜਿਸਨੂੰ ਦੂਸਰੇ ਸ਼ਬਦਾਂ ਵਿੱਚ ਲਿੰਗਕ ਦਰਜੇਬੰਦੀ ਵੀ ਆਖਿਆ ਗਿਆ ਹੈ, ਨਾਰੀਵਾਦ ਦਾ ਪਹਿਲਾ ਜੁਜ਼ ਹੈ।

ਦੂਸਰਾ, ਨਾਰੀਵਾਦ ਇਹ ਸਵੀਕਾਰ ਕਰਦਾ ਹੈ ਕਿ ਇਸਤਰੀ ਦੇ ਵਜੂਦ ਨੂੰ ਪ੍ਰਕਿਰਤੀ ਵੱਲੋਂ ਸ਼ਕਤੀਹੀਣ ਨਹੀਂ ਬਣਾਇਆ ਗਿਆ, ਜਦਕਿ ਮਰਦ ਨੇ ਇਸਨੂੰ ਆਪਣੇ ਸੁਆਰਥੀ ਹਿੱਤਾਂ ਖ਼ਾਤਰ ਅਜਿਹਾ ਬਣਨ ਲਈ ਮਜਬੂਰ ਕੀਤਾ ਹੈ। ਇਸ ਦੀ ਪੁਨਰ-ਸਿਰਜਣਾ ਦੀ ਸੰਭਾਵਨਾ ਹੈ ਕਿਉਂਕਿ ਜੇ ਕੁਦਰਤੀ ਤੌਰ ‘ਤੇ ਅਜਿਹਾ ਵਿਤਕਰਾ ਹੁੰਦਾ ਹੈ ਤਾਂ ਇਸ ਵਿੱਚ ਤਬਦੀਲੀ ਅਸੰਭਵ ਸੀ।

ਤੀਸਰਾ ਨਾਰੀਵਾਦੀ ਵਿਚਾਰਧਾਰਾ ਅਨੁਸਾਰ ਇਸਤਰੀਆਂ ਸਮਾਜਕ ਸਮੂਹ ਦੇ ਅੰਤਰਗਤ ਵੇਖਣਾ ਲੋਚਦੀਆਂ ਹਨ ਨਾ ਕਿ ਜੀਵ–ਵਿਗਿਆਨਕ ਲਿੰਗ ਦੇ ਰੂਪ ਵਿੱਚ।[2]

ਨਾਰੀਵਾਦ ਅਨੁਸਾਰ ਨਾਰੀ ਨੂੰ ਮਰਦ ਦੇ ਅਧੀਨ ਰਹਿ ਕੇ ਗੁਲਾਮੀ ਵਾਲਾ ਜੀਵਨ ਜਿਊਣ ਨਾਲੋਂ ਇੱਕਲੇ ਰਹਿ ਕੇ ਸੁਤੰਤਰ ਅਤੇ ਆਜ਼ਾਦੀ ਨਾਲ ਜ਼ਿੰਦਗੀ ਜਿਊਣ ਨੂੰ ਤਰਜੀਹ ਦੇਣੀ ਚਾਹੀਦੀ ਹੈ।ਨਾਰੀਵਾਦੀ ਲਹਿਰ ਤੋਂ ਪ੍ਰਭਾਵਿਤ ਔਰਤਾਂ ਜਦੋਂ ਸਾਹਿਤ ਰਚਦੀਆਂ ਹਨ ਤਾਂ ਉਹ ਹਰ ਪੱਖੋਂ ਨਾਰੀ ਦੀ ਆਜ਼ਾਦ ਹਸਤੀ ਦੇ ਹੱਕ ਅਤੇ ਮਰਦ ਦੀ ਅਧੀਨਗੀ ਦੇ ਵਿਰੋਧ ਦੀ ਗੱਲ ਕਰਦੀਆਂ ਹਨ ਪਰ ਉਹਨਾਂ ਦੀਆਂ ਨਾਰੀਵਾਦੀ ਕਿਰਤਾਂ ਵਿੱਚ ਸੰਪੂਰਨ ਮਰਦ ਦੀ ਚਾਹਤ, ਅਚੇਤ ਹੀ ਵਿਦਮਾਨ ਰਹਿੰਦੀ ਹੈ।

ਮਰਦ ਅਤੇ ਔਰਤ ਸਮਾਜ ਦੇ ਅਜਿਹੇ ਜੀਵ ਹਨ ਜਿਨ੍ਹਾਂ ਨੂੰ ਇੱਕ ਦੂਜੇ ਦੀ ਲੋੜ ਹਮੇਸ਼ਾ ਬਣੀ ਰਹਿੰਦੀ ਹੈ।ਇੱਕ ਦੂਜੇ ਦੇ ਸਾਥ ਨਾਲ ਹੀ ਜ਼ਿੰਦਗੀ ਵਿੱਚ ਸੰਤੁਲਨ ਆਉਂਦਾ ਹੈ।ਔਰਤ ਕਈ ਵਾਰ ਚਾਹ ਕੇ ਵੀ ਆਪਣੀ ਜ਼ਿੰਦਗੀ ਵਿੱਚੋਂ ਮਰਦ ਨੂੰ ਮਨਫੀ ਨਹੀਂ ਕਰ ਪਾਉਂਦੀ।

**ਸਵਰਾਜਬੀਰ** ਅਨੁਸਾਰ :

ਤ੍ਰਾਸਦੀ ਇਹ ਹੈ ਕਿ ਮਰਦ ਪ੍ਰਧਾਨ ਸਮਿਆਂ ‘ਚੋਂ ਲੰਘਦੀ ਹੋਈ ਔਰਤ ਵੀ ਅਚੇਤ ਅਤੇ ਸੁਚੇਤ ਤੌਰ ‘ਤੇ ਮਰਦ ਪ੍ਰਧਾਨ ਸਮਾਜ ਦੀ ਸ੍ਰੇਸ਼ਟਤਾ ਨੂੰ ਸਵੀਕਾਰ ਕਰ ਲੈਂਦੀ ਹੈ ਅਤੇ ਉਸਦਾ ਗੁਣਗਾਣ ਕਰਦੀ ਹੋਈ ਆਪਣੀ ਗੌਣ ਸਥਿਤੀ ਨੂੰ ਸਵੀਕਾਰਦੀ ਹੈ। ਇਹ ਸਵੀਕਾਰ ਉਸਦੀ ਮਾਨਸਿਕਤਾ ਦਾ ਆਂਤਰਿਕ ਹਿੱਸਾ ਬਣ ਜਾਂਦਾ ਹੈ ਅਤੇ ਉਹ ਮਰਦ ਦੀ ਸ੍ਰੇਸ਼ਟਤਾ ਦਾ ਗੀਤ ਗਾਉਂਦੀ ਨਜ਼ਰ ਆਉਂਦੀ ਹੈ।[3]

ਅਜਿਹੀਆਂ ਹੀ ਭਾਵਨਾਵਾਂ ਬਲਵੰਤ ਗਾਰਗੀ ਦੇ ਨਾਟਕ ਧੂਣੀ ਦੀ ਅੱਗ ਵਿੱਚ ਵੇਖੀਆਂ ਜਾ ਸਕਦੀਆਂ ਹਨ।ਭਾਰਤੀ ਔਰਤ ਵੀਨਾ ਹਰ ਪ੍ਰਕਾਰ ਦੀਆਂ ਵਧੀਕੀਆਂ ਸਹਿਣ ਕਰਨ ਦੇ ਬਾਵਜੂਦ ਵੀ ਅਜੀਤ ਨਾਲ ਰਹਿਣਾ ਚਾਹੁੰਦੀ ਹੈ ਭਾਵੇਂ ਉਹ ਉਸਨੂੰ ਪਿਆਰ ਨਹੀਂ ਕਰਦਾ।

ਰੀਟਾ ਜੋ ਨਿਊਯਾਰਕ ਤੋਂ ਆਈ ਹੈ ਉਹ ਆਪਣੇ ਉਪਰ ਹੁੰਦਾ ਜ਼ੁਲਮ ਵੇਖ ਕੇ ਅਜੀਤ ਨੂੰ ਜਾਨੋਂ ਮਾਰ ਦਿੰਦੀ ਹੈ।ਭਾਰਤੀ ਔਰਤ ਜਿਸ ਕਦਰ ਆਪਣੀਆਂ ਪਰੰਪਰਾਵਾਂ ‘ਤੇ ਰੂੜੀਵਾਦੀ ਵਿਚਾਰਾਂ ਵਿੱਚ ਬੱਝੀ ਹੋਈ ਹੈ, ਵਿਦੇਸ਼ੀ ਔਰਤ ਅਜਿਹੇ ਰੂੜੀਵਾਦੀ ਬੰਧਨਾਂ ‘ਤੋਂ ਕਿਤੇ ਨਾ ਕਿਤੇ ਆਜ਼ਾਦ ਹੈ ਪਰ ਫਿਰ ਵੀ ਦੁਨੀਆਂ ਭਰ ਵਿੱਚ ਔਰਤ ਦੀ ਸਥਿਤੀ ਕੋਈ ਵਧੀਆ ਨਹੀਂ ਹੈ।

ਨਾਟਕਕਾਰ ਰੀਟਾ ਦੀ ਆਜਾਦ ਹਸਤੀ ਨੂੰ ਇੰਞ ਪੇਸ਼ ਕਰਦਾ ਹੈ ਰੀਟਾ:ਇਕੋ ਮਰਦ ਨੂੰ ਆਪਣਾ ਸਭ ਕੁਝ ਸੌਂਪ ਦੇਣਾ ਮੂਰਖਤਾ ਹੈ,ਜਹਾਲਤ ਹੈ, ਕਮੀਨਗੀ ਹੈ,ਮੈਨੂੰ ਉਹਨਾ ਔਰਤਾਂ ਨਾਲ ਸਖ਼ਤ ਨਫਰਤ ਹੈ ਜੋ ਇਕੋ ਮਰਦ ਉੱਤੇ ਆਪਣਾ ਸਭ ਕੁੱਝ ਕੁਰਬਾਨ ਕਰ ਦਿੰਦੀਆਂ ਹਨ।ਅਜਿਹਾ ਪਿਆਰ ਇਨਸਾਨ ਨੂੰ ਨਿਮਾਣਾ ਬਣਾ ਦਿੰਦਾ ਹੈ,ਘਟੀਆ, ਖ਼ੁਦਗਰਜ਼।ਹੁਣ ਮੈਂ ਫੈਸਲਾ ਕੀਤਾ ਹੈ ਕਿ ਕਿਸੇ ਮਰਦ ਨਾਲ ਇਸ ਤਰ੍ਹਾਂ ਦਾ ਇਸ਼ਕ ਨਹੀਂ ਕਰਾਂਗੀ।[4]

ਪਰ ਫਿਰ ਵੀ ਅਜੀਤ ਪ੍ਰਤੀ ਉਸਦਾ ਪਿਆਰ ਇੱਕ ਜਨੂੰਨ ਬਣ ਜਾਂਦਾ ਹੈ।ਦੂਜੇ ਪਾਸੇ ਵੀਨਾ ਹੈ ਜੋ ਰੀਟਾ ਅਤੇ ਅਜੀਤ ਦੇ ਸੰਬੰਧਾਂ ਬਾਰੇ ਸਭ ਕੁਝ ਜਾਣਦੀ ਹੋਈ ਵੀ ਅਨਜਾਣ ਬਣਦੀ ਹੈ।20ਵੀਂ ਸਦੀ ਦੇ ਨਾਟਕ ਦੀ ਭਾਰਤੀ ਔਰਤ ਵੀਨਾ,ਨਾਰੀਵਾਦੀ ਲਹਿਰ ਦੇ ਅੰਤਰਗਤ ਚਿਤਵੀ ਗਈ ਔਰਤ ਤੋਂ ਇੱਕ ਵਿੱਥ ਸਥਾਪਤ ਕਰਦੀ ਨਜ਼ਰ ਆਉਂਦੀ ਹੈ।

ਜਤਿੰਦਰ ਬਰਾੜ ਦੇ ਨਾਟਕ ‘ਫ਼ਾਸਲੇ’(2006) ਵਿੱਚ ਔਰਤ ਦੀ ਦੋ-ਪੱਖੀ ਸ਼ਖ਼ਸੀਅਤ ਦਾ ਬਿਆਨ ਮਿਲਦਾ ਹੈ।ਇੱਕ ਪਾਸੇ ਨੂਰੀ ਆਦਰਸ਼ ਇਨਸਾਨ ਵਜੋਂ ਪੇਸ਼ ਹੋਈ ਹੈ ਅਤੇ ਦੂਜੇ ਪਾਸੇ ਡਾਕਟਰ ਦੀ ਮਾਂ ਹੈ ਜੋ ਨੂਰੀ ਨੂੰ ਜਾਨ ਤੋਂ ਖਤਮ ਕਰਨ ਦੀ ਸਾਜ਼ਿਸ਼ ਘੜਦੀ ਹੈ।

ਡਾਕਟਰ ਦੀ ਮਾਂ ਨੂੰ ਵਧੇਰੇ ਪ੍ਰਭੂਤਾਵਾਦੀ,ਹੁਕਮ ਚਲਾਉਣ ਵਾਲੀ ਅਤੇ ਆਪਣੀ ਮਰਜੀ ਮੰਨਵਾਉਣ ਵਾਲੀ, ਆਜ਼ਾਦ ਔਰਤ ਵਜੋਂ ਪੇਸ਼ ਕੀਤਾ ਹੈ।ਉਹ ਆਪਣੇ ਪਤੀ ਅਤੇ ਪੁੱਤਰ ਨੂੰ ਆਪਣੇ ਕੰਟਰੋਲ ਵਿੱਚ ਰੱਖਦੀ ਹੈ।ਉਸਦੀ ਗੱਲ ਬਾਤ ਵਿੱਚ ਦ੍ਰਿੜਤਾ ਅਤੇ ਦਬਕਾ ਸ਼ਾਮਲ ਹੈ।

ਉਸਦਾ ਪਤੀ ਕਈ ਵਾਰ ਆਪਣੀ ਗੁਲਾਮੀ ‘ਤੇ ਝੂਰਦਾ ਹੈ “ਮਾਤਾ ਜੀ: ਵੇਖਿਆ ਜੇ ਹੁਣ ਏਹਨੂੰ ਕਿੱਡੇ ਖੰਭ ਲੱਗ ਗਏ ਨੇ,ਕਿਵੇਂ ਉਡਾਰੀ ਮਾਰ ਗਿਆ ਏ।ਪਿਤਾ ਜੀ: ਸਾਨੂੰ ਕੀ ਪਤਾ ਖੰਭਾਂ ਤੇ ਉਡਾਰੀਆਂ ਦਾ,ਸਾਡੇ ਖੰਭ ਕਦੀ ਕਿਸੇ ਨਿਕਲਣ ਦਿੱਤੇ ਹੋਣ ਤਾਂ ਨਾ।”[5]

ਔਰਤ ਜਿਉਂ-ਜਿਉਂ ਆਪਣੇ ਉਮਰ ਦੇ ਪੜਾਅ ਨੂੰ ਪਾਰ ਕਰਦੀ ਜਾਂਦੀ ਹੈ, ਅੱਧਖੜ ਉਮਰ ਤੱਕ ਜਾ ਕੇ ਉਹ ਵਧੇਰੇ ਮਜ਼ਬੂਤ ਹੁੰਦੀ ਜਾਂਦੀ ਹੈ। ਨੂਰੀ ਉਮਰ ਦੇ ਜਿਸ ਪੜਾਅ ਤੇ ਹੈ, ਉਹ ਆਪਣੇ ਪਿਆਰ ਦੀ ਖਾਤਰ ਸੰਘਰਸ਼ ਨਹੀਂ ਕਰਦੀ ਨਾ ਹੀ ਬਗਾਵਤ ਕਰਦੀ ਹੈ।ਉਹ ਆਪਣੀਆਂ ਭਾਵਨਾਵਾਂ ਨੂੰ ਦਬਾਉਂਦੀ ਹੀ ਨਹੀ ਬਲਕਿ ਸਮਾਜਿਕ ਕਦਰਾਂ-ਕੀਮਤਾਂ ਦੇ ਨਿਭਾਅ ਪ੍ਰਤੀ ਵੀ ਆਪਣੀ ਦ੍ਰਿੜਤਾ ਦਰਸਾਉਂਦੀ ਹੈ।ਉਹ ਆਪਣੇ ਪਿਆਰ, ਵਿਸ਼ਵਾਸ ਅਤੇ ਵਚਨਬੱਧਤਾ ਦੇ ਕਾਰਨ ਆਪਣੀ ਜਾਨ ਗਵਾ ਬੈਠਦੀ ਹੈ।

ਔਰਤ ਨੂੰ ਕਮਜ਼ੋਰ ਅਤੇ ਮਜ਼ਬੂਤ ਦੋਹਾਂ ਪੱਖਾਂ ਤੋਂ ਪੇਸ਼ ਕਰਦੇ ਹੋਏ ਨਾਟਕਕਾਰ ਨੇ ਮਰਦ ਨੂੰ ਅਜਿਹਾ ਚਿਤਰਿਆ ਹੈ ਜੋ ਕਿਸੇ ਵੀ ਰਿਸ਼ਤੇ ਦਾ ਨਿਭਾਅ ਸਫਲਤਾਪੂਰਵਕ ਨਹੀ ਕਰ ਸਕਿਆ। ਡਾਕਟਰ ਦਾ ਪਿਤਾ ਨਾ ਤਾਂ ਚੰਗਾ ਪਤੀ ਬਣ ਸਕਿਆ ਅਤੇ ਨਾ ਹੀ ਚੰਗੇ ਪਿਤਾ ਦੇ ਫ਼ਰਜ਼ ਨਿਭਾਉਂਦਾ ਹੈ।

ਇਸੇ ਪ੍ਰਕਾਰ ਡਾਕਟਰ ਨਾ ਤਾਂ ਪੂਰੀ ਤਰ੍ਹਾਂ ਨੂਰੀ ਦਾ ਹੁੰਦਾ ਹੈ ਅਤੇ ਨਾ ਹੀ ਆਪਣੀ ਪਤਨੀ ਪ੍ਰਤੀ ਵਫ਼ਾਦਾਰ ਰਹਿੰਦਾ ਹੈ। ਪਰ ਨੂਰੀ ਦੇ ਰੂਪ ਵਿਚ ਔਰਤ ਆਪਣੀਆਂ ਪਿਆਰ ਦੀਆਂ ਭਾਵਨਾਵਾਂ ਨੂੰ ਦਬਾ ਕੇ ਨੈਤਿਕ ਮੁੱਲਾਂ ਪ੍ਰਤੀ ਆਪਣੀ ਵਚਨਬੱਧਤਾ ਅਤੇ ਦ੍ਰਿੜਤਾ ਦਾ ਪ੍ਰਮਾਣ ਦਿੰਦੀ ਹੈ। ਨਾਟਕ ਦੀ ਵਾਰਤਾਲਾਪ ਜਿੱਥੇ ਮਰਦ ਨੂੰ ਗੈਰ ਜ਼ਿੰਮੇਵਾਰ ਦਰਸਾਉਂਦੀ ਹੈ ਉਥੇ ਔਰਤ ਨੂੰ ਜ਼ਿੰਮੇਵਾਰ ਅਤੇ ਆਦਰਸ਼ ਰੂਪ ਵਿਚ ਦਰਸਾਇਆ ਗਿਆ ਹੈ।ਉਦਾਹਰਨ ਵਜੋਂ ਡਾਕਟਰ ਨਾ ਤਾਂ ਪੂਰੀ ਤਰ੍ਹਾਂ ਨੂਰੀ ਨੂੰ ਅਪਣਾਉਂਦਾ ਹੈ ਅਤੇ ਨਾ ਹੀ ਆਪਣੀ ਪਤਨੀ ਪ੍ਰਤੀ ਵਫਾਦਾਰ ਰਹਿੰਦਾ ਹੈ।

ਉਸਦੇ ਅੰਤਰੀਵ ਮਨ ਵਿੱਚ ਪਈਆਂ ਔਰਤ ਪ੍ਰਤੀ ਭਾਵਨਾਵਾਂ ਸਹਿਜੇ ਹੀ ਉਸਦੇ ਮੂੰਹੋਂ ਨਿਕਲ ਜਾਂਦੀਆਂ ਹਨ ਜੋ ਇਕੋ ਸਮੇਂ ਦੋ ਔਰਤਾਂ ਦਾ ਸਾਥ ਚਾਹੁੰਦਾ ਹੈ। "ਡਾਕਟਰ:- ਮੈਂ ਤਾਂ ਆਪਣਾ ਸਾਰਾ ਸਮਾਨ ਲੈ ਕੇ ਤੇਰੇ ਕੋਲ ਆ ਗਿਆ।ਨੂਰੀ:-ਸਮਾਨ...ਤੂੰ ਉਸ ਔਰਤ ਨੂੰ, ਆਪਣੀ ਬੀਵੀ ਨੂੰ ਸਮਾਨ ਕਹਿੰਦਾ ਆਈ।ਤੂੰ ਔਰਤ ਨੂੰ ਸਮਾਨ ਸਮਝਦਾ ਆਈ? ਡਾਕਟਰ:-(ਝੂਠਾ ਜਿਹਾ ਪੈ ਕੇ) ਨਹੀ ਕੋਈ ਸਮਾਨ ਨਹੀਂ।ਉਹ ਤਾਂ ਮੇਰਾ ਇੱਕ ਸਮਾਜਿਕ ਰਿਸ਼ਤਾ ਏ!...ਨੂਰੀ ਤੂੰ ਮੇਰਾ ਪਿਆਰ ਦਾ ਰਿਸ਼ਤਾ ਏਂ।ਮੇਰੀ ਬੀਵੀ ਮੇਰਾ ਸਮਾਜਿਕ ਰਿਸ਼ਤਾ ਏ।"[6]

ਨੂਰੀ ਡਾਕਟਰ ਦੇ ਹੱਥ ਵਿੱਚ ਪਈ ਵਿਆਹ ਵਾਲੀ ਮੁੰਦਰੀ ਵੇਖ ਕੇ ਉਸਨੂੰ ਵਿਆਹ ਦੌਰਾਨ ਲਈਆਂ ਕਸਮਾਂ ਅਤੇ ਰਸਮਾਂ ਬਾਰੇ ਯਾਦ ਕਰਾਉਂਦੀ ਹੋਈ ਇਹ ਤਾੜਨਾ ਕਰਦੀ ਹੈ ਕਿ ਇਹ ਮੁੰਦਰੀ ਉਹਨਾ ਕਸਮਾਂ ਅਤੇ ਰਸਮਾਂ ਦੀ ਹਾਮੀ ਭਰਦੀ ਹੈ ਜੋ ਉਸਨੂੰ ਸਮਾਜਿਕ ਬੰਧਨ ਵਿੱਚ ਬੰਨ੍ਹਦੀਆਂ ਹਨ। ਇਹ ਬਾਰ-ਬਾਰ ਤੋੜਨ ਲਈ ਨਹੀਂ ਹੁੰਦੀਆਂ। ਉਹ ਪਹਿਲਾਂ ਹੀ ਨੂਰੀ ਨਾਲ ਕੀਤੇ ਵਾਅਦੇ ਅਤੇ ਕਸਮਾਂ ਨੂੰ ਤੋੜ ਚੁੱਕਾ ਸੀ, ਸੋ ਹੁਣ ਨੂਰੀ ਨਹੀਂ ਚਾਹੁੰਦੀ ਕਿ ਉਹ ਡੌਲੀ ਨਾਲ ਵੀ ਅਜਿਹਾ ਕਰੇ। ਨੂਰੀ ਰਿਸ਼ਤਿਆਂ ਦੀ ਅਸਲੀਅਤ ਤੋਂ ਜਾਣੂ ਹੈ ਅਤੇ ਉਹ ਡਾਕਟਰ ਨੂੰ ਉਹੀ ਰਿਸ਼ਤਾ ਨਿਭਾਉਣ ਲਈ ਕਹਿੰਦੀ ਹੈ ਜੋ ਸਮਾਜ ਵੱਲੋਂ ਪ੍ਰਵਾਨਿਤ ਹੈ।

ਨੂਰੀ ਦੂਜਿਆਂ ਬਾਰੇ ਸੋਚਣ ਵਾਲੀ ਔਰਤ ਹੈ ਪਰ ਡੌਲੀ ਅਤੇ ਡਾਕਟਰ ਦੀ ਮਾਂ ਰਿਸ਼ਤਿਆ ਨੂੰ ਸੋਨੇ ਦੀ ਤੱਕੜੀ ਵਿਚ ਤੋਲਣ ਵਾਲੀਆਂ ਸਵਾਰਥੀ ਔਰਤਾਂ ਹਨ। ਡਾਕਟਰ ਦੀ ਮਾਂ ਨੇ ਆਪਣਾ ਪੁੱਤਰ ਵਿਆਹਿਆ ਨਹੀਂ ਬਲਕਿ ਵੇਚਿਆ ਸੀ ਅਤੇ ਡਾਕਟਰ ਵੀ ਵਿਕਾਊ ਵਸਤ ਦੀ ਤਰ੍ਹਾਂ ਵਿਕਣ ਲਈ ਮਜਬੂਰ ਹੋ ਗਿਆ।

ਡੌਲੀ ਗੱਲ-ਗੱਲ ਤੇ ਆਪਣੇ ਪੈਸੇ ਦਾ ਅਤੇ ਅਮੀਰ ਘਰਾਣੇ ਦਾ ਦਿਖਾਵਾ ਕਰਦੀ ਹੈ, ਉਸਦੇ ਲਈ ਵਿਆਹ, ਪਿਆਰ, ਸਾਂਝ ਅਤੇ ਮੋਹ ਦੀਆਂ ਤੰਦਾਂ ਤੋਂ ਸੱਖਣਾ ਇਕ ਸੌਦਾ ਹੈ ਜਿਸ ਵਿਚੋਂ ਸਿਰਫ਼ ਦਿਖਾਵਾ ਅਤੇ ਸਮਾਜਿਕ ਸਮਝੌਤਾ ਨਜ਼ਰ ਆਉਂਦਾ ਹੈ।ਮਾਂ ਪੁੱਤਰ ਮੋਹ ਤੋਂ ਮੁਕਤ ਅਜਿਹੀ ਨਾਰੀ ਹੈ ਜੋ ਆਪਣੇ ਪੁੱਤ ਦੀਆਂ ਰੀਝਾਂ, ਉਮੰਗਾਂ, ਚਾਵਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਸੁਆਰਥ ਹਿੱਤ ਉਸਦਾ ਵਿਆਹ ਕਰ ਦਿੰਦੀ ਹੈ।

ਡੌਲੀ ਅਤੇ ਡਾਕਟਰ ਦੀ ਮਾਂ ਔਰਤਾਂ ਹੋ ਕੇ ਵੀ ਔਰਤ (ਨੂਰੀ) ਦੀ ਜਾਨ ਦੀਆਂ ਦੁਸ਼ਮਣ ਬਣ ਜਾਂਦੀਆਂ ਹਨ ਪਰ ਨੂਰੀ ਡਾਕਟਰ ਨਾਲ ਕੀਤੇ ਆਪਣੇ ਪਿਆਰ ਅਤੇ ਵਾਅਦੇ ਨੂੰ ਨਿਭਾਉਣ ਦੀ ਖ਼ਾਤਿਰ ਡੌਲੀ ਦਾ ਜ਼ਹਿਰ ਚੂਸਦੀ ਹੈ। ਤੇਜ਼ਾਬੀ ਲੱਸੀ ਪੀਣ ਕਰਕੇ ਨੂਰੀ ਦੇ ਮੂੰਹ ਵਿਚ ਜ਼ਖ਼ਮ ਹਨ ਅਤੇ ਉਸਨੂੰ ਪਤਾ ਹੈ ਕਿ ਜ਼ਹਿਰ ਚੂਸਣ ਨਾਲ ਉਹ ਮਰ ਜਾਵੇਗੀ। ਫਿਰ ਵੀ ਨੂਰੀ ਉਹਨਾਂ ਲੋਕਾਂ ਦੀ ਸਹਾਇਤਾ ਕਰਦੀ ਹੈ ਜਿਨ੍ਹਾਂ ਨੇ ਉਸਨੂੰ ਜ਼ਹਿਰ ਪਿਲਾਇਆ।

ਡਾਕਟਰ ਨਾਲ ਪਿਆਰ ਨੂਰੀ ਦੀ ਮੌਤ ਦਾ ਕਾਰਨ ਬਣਦਾ ਹੈ ਅਤੇ ਸਜ਼ਾ ਸਿਰਫ਼ ਨੂਰੀ ਨੂੰ ਹੀ ਮਿਲਦੀ ਹੈ। ਨਾਟਕ ਵਿਚ ਮਰਦ ਪਾਤਰਾਂ ਦੀ ਤੁਲਨਾ ਵਿਚ ਔਰਤ ਪਾਤਰਾਂ ਨੂੰ ਵਧੇਰੇ ਮਜਬੂਤ ਦਿਖਾਇਆ ਗਿਆ ਹੈ ਜਿਵੇਂ ਡਾਕਟਰ, ਕਰਮ ਚੰਦ, ਬੂਟਾ, ਡਾਕਟਰ ਦਾ ਪਿਤਾ, ਗੌਣ ਪੱਧਰ 'ਤੇ ਵਿਚਰਦੇ ਹਨ ਅਤੇ ਮਜਬੂਰ, ਲਾਚਾਰ, ਕਮਜ਼ੋਰ ਦਿਖਾਏ ਗਏ ਹਨ ਪਰ ਡਾਕਟਰ ਦੀ ਮਾਂ, ਡੌਲੀ, ਨੂਰੀ ਦੇ ਕਿਰਦਾਰ ਵਧੇਰੇ ਮਜਬੂਤ ਹਨ।

ਜਤਿੰਦਰ ਬਰਾੜ ਰਚਿਤ ਕਦੇਸਣ (2001)

ਔਰਤ ਦੀ ਤ੍ਰਾਸਦੀ ਨੂੰ ਪੇਸ਼ ਕਰਦਾ ਹੈ। ਨਾਟਕ ਵਿਚ ਔਰਤ ਦੀ ਬਹੁ-ਪਾਸਾਰੀ ਭੂਮਿਕਾ ਨੂੰ ਚਿਤਰਿਆ ਗਿਆ ਹੈ। ਇਸਦੇ ਕੇਂਦਰ ਵਿਚ ਨਾਰੀ ਦੀ ਖ਼ਰੀਦੋ ਫ਼ਰੋਖ਼ਤ ਅਤੇ ਉਸ ਉਪਰ ਹੁੰਦੇ ਜ਼ੁਲਮ ਦੀ ਕਹਾਣੀ ਪਈ ਹੈ।ਇਹ ਉਸ ਔਰਤ ਦੀ ਕਹਾਣੀ ਹੈ ਜਿਸਨੂੰ ਬਿਹਾਰ ਵਿੱਚੋਂ ਖਰੀਦ ਕੇ ਪੰਜਾਬ ਲਿਆਂਦਾ ਜਾਂਦਾ ਹੈ ਤਾਂ ਜੋ ਉਹ ਪਾਲਾ ਸਿੰਘ ਨੂੰ ਮੁੰਡਾ ਪੈਦਾ ਕਰਦੇ ਦਵੇ ਅਤੇ ਉਸਦਾ ਵੰਸ਼ ਅੱਗੇ ਤੁਰ ਸਕੇ। ਔਰਤ ਨੂੰ ਜਾਨਵਰ ਤੋਂ ਵੀ ਮਾੜਾ ਸਮਝਿਆ ਜਾਂਦਾ ਹੈ।

1

ਮਹਿੰਦਰ:- “ਮੈਂ ਕਹਿਨਾ ਵਾਂ ਕਿ ਸਾਡੇ ਮੁਲਖ ਵਿਚ ਮੱਝ ਤੇ ਜਨਾਨੀ ਵਿਚ ਕੋਈ ਫ਼ਰਕ ਹੀ ਨਹੀਂ ਰਿਹਾ” ਸ਼ੇਰਾ:- “ਹੈਗਾ ਫ਼ਰਕ। ਮੱਝ ਉਸਦਾ ਮੁੱਲ ਪੈਂਦਾ ਜਿਹੜੀ ਕੱਟੀਆਂ ਦੇਵੇ। ਜਨਾਨੀ ਉਸਦਾ ਮੁੱਲ ਪੈਂਦਾ ਜਿਹੜੀ ਮੁੰਡੇ ਦੇਵੇ”ਗ਼ੋਰਾ:- “ਮੁੱਲ ਦਾ ਵੀ ਤਾਂ ਫ਼ਰਕ ਆ। ਮੱਝ ਤਾਂ ਕੀਮਤੀ ਚੀਜ਼ ਹੋਈ। ਕਿੱਥੇ ਮੱਝ, ਕਿੱਥੇ ਜਨਾਨੀ, ਤੀਵੀਂ ਮੱਝ ਦਾ ਮੁਕਾਬਲਾ ਨਈਂ ਨਾ ਕਰ ਸਕਦੀ। ਚੰਗੀ ਮੱਝ ਚਾਰ ਜਨਾਨੀਆਂ ਦੇ ਬਰਾਬਰ ਹੁੰਦੀ ਆ।”[7]

ਔਰਤ ਦੀ ਤੁਲਨਾ ਸਿਰਫ਼ ਮੱਝ ਨਾਲ ਹੀ ਨਹੀਂ ਬਲਕਿ ਸਟੱਪਣੀ ਨਾਲ ਵੀ ਕੀਤੀ ਗਈ ਹੈ ਜੋ ਕਿ ਗੱਡੀ ਦਾ ਵਾਧੂ ਹਿੱਸਾ ਹੁੰਦੀ ਹੈ। ਸ਼ੇਰੇ ਅਨੁਸਾਰ ਹਰ ਮਰਦ ਕੋਲ ਸਟੱਪਣੀ ਵਾਂਗ ਇਕ ਵਾਧੂ ਤੀਵੀਂ ਹੋਣੀ ਚਾਹੀਦੀ ਹੈ ਅਤੇ ਲੋੜ ਪੈਣ ਤੇ ਉਹ ਇਸਦੀ ਵਰਤੋਂ ਕਰ ਸਕੇ। ਨਾਟਕ ਦੇ ਜ਼ਿਆਦਾਤਰ ਮਰਦ ਪਾਤਰ ਔਰਤ ਨੂੰ ਪਸ਼ੂ ਤੋਂ ਵੀ ਘਟੀਆ ਮੰਨਦੇ ਹਨ। ਉਹਨਾਂ ਅਨੁਸਾਰ ਔਰਤ ਨੂੰ ਮਾਰ ਕੁੱਟ ਕੇ ਜੁੱਤੀ ਦੇ ਥੱਲੇ ਹੀ ਰੱਖਣਾ ਚਾਹੀਦਾ ਹੈ।

ਅਮਲੀ ਤਾਸ਼ ਦੀਆਂ ਬੇਗੀਆਂ ਅਨੁਸਾਰ ਔਰਤ ਨੂੰ ਵੀ ਚਾਰ ਕਿਸਮਾਂ ਦੀ ਮੰਨਦਾ ਹੈ। ਇੱਕ ਉਹ ਔਰਤ ਹੈ ਜੋ ਮਰਦ ਦੀ ਗੁਲਾਮੀ ਸਹਿੰਦੀ ਹੈ, ਇਕ ਉਹ ਜੋ ਲੋਕਾਂ ਦੇ ਘਰ ਤੋੜਦੀ ਹੈ, ਇਕ ਉਹ ਔਰਤ ਹੈ ਜੋ ਘਰ ਅਤੇ ਪਤੀ ਤੇ ਆਪਣਾ ਹੁਕਮ ਚਲਾਉਂਦੀ ਹੈ ਅਤੇ ਚੌਥੀ ਔਰਤ ਉਹ ਹੈ ਜੋ ਘਰ, ਪਰਿਵਾਰ ਅਤੇ ਪਿਆਰ ਲਈ ਜਾਨ ਦੇਣ ਤੋਂ ਵੀ ਇਨਕਾਰੀ ਨਹੀਂ।ਔਰਤ ਦੀਆਂ ਕਿਸਮਾਂ ਦੇ ਜ਼ਰੀਏ ਨਾਰੀ ਦੇ ਬਹੁਪੱਖੀ ਸੁਭਾਅ ਦੀ ਚਰਚਾ ਕੀਤੀ ਗਈ ਹੈ।

ਨਾਟਕ ਗੰਗਾ ਉਪਰ ਹੁੰਦੇ ਸਰੀਰਕ ਅਤੇ ਮਾਨਸਿਕ ਜ਼ੁਲਮ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਹੈ। ਜਦੋਂ ਉਹ ਆਪਣੇ ਹੱਕਾਂ ਜਾਂ ਅਧਿਕਾਰਾਂ ਦੀ ਗੱਲ ਕਰਦੀ ਹੈ ਤਾਂ ਉਸਨੂੰ ਦਬਾਇਆ ਜਾਂਦਾ ਹੈ ਕਿਉਂਕਿ ਸਮਾਜਕ ਵਰਤਾਰਾ ਏਨਾ ਬਲਵਾਨ ਹੋ ਨਿਬੜਦਾ ਹੈ ਕਿ ਉਹ ਚਾਹ ਕੇ ਵੀ ਕੁਝ ਨਹੀਂ ਕਰ ਪਾਉਂਦੀ। ਹਾਲਾਤ ਦਾ ਸਾਹਮਣਾ ਕਰਨ ਦੇ ਅਸਮੱਰਥ ਗੰਗਾ, ਲਾਚਾਰ ਅਤੇ ਮਜਬੂਰ ਔਰਤ ਬਣ ਕੇ ਰਹਿ ਜਾਂਦੀ ਹੈ।

ਪਾਲੇ ਦੇ ਸਾਹਮਣੇ ਗੰਗਾ ਆਪਣੀ ਇੱਜ਼ਤ ਬਚਾਉਣ ਦੀ ਨਾਕਾਮਯਾਬ ਕੋਸ਼ਿਸ਼ ਕਰਦੀ ਹੈ ਅਤੇ ਪਾਲੇ ਦੁਆਰਾ ਉਸਨੂੰ ਮਾਰ-ਕੁੱਟ ਕੇ ਪਸ਼ੂਆਂ ਦੇ ਕਿੱਲੇ ਨਾਲ ਬੰਨ੍ਹ ਦਿੱਤਾ ਜਾਂਦਾ ਹੈ। ਪਾਲਾ ਗੰਗਾ ਨੂੰ ਛੇ ਹਜ਼ਾਰੀ ਝੋਟੀ ਕਹਿ ਕੇ ਸੰਬੋਧਨ ਕਰਦਾ ਹੈ ਕਿਉਂਕਿ ਉਸਨੇ ਗੰਗਾ ਨੂੰ ਛੇ ਹਜ਼ਾਰ ਵਿਚ ਖਰੀਦਿਆ ਸੀ। ਅਗਲੇ ਪੜਾਅ ਤੇ ਜਾ ਕੇ ਜਦੋਂ ਗੰਗਾ ਨੂੰ ਸੈਮੂਅਲ ਕੋਲ ਵੇਚ ਦਿੱਤਾ ਜਾਂਦਾ ਹੈ ਤਾਂ ਉਹ ਸ਼ਾਂਤ ਹੋ ਜਾਂਦੀ ਹੈ ਅਤੇ ਸਮਝੋਤਾ ਕਰ ਲੈਂਦੀ ਹੈ, ਕਿਉਂਕਿ ਉਹ ਪਹਿਲਾਂ ਹੀ ਆਪਣਾ ਸਭ ਕੁਝ ਲੁਟਾ ਚੁੱਕੀ ਹੈ। ਫਿਰ ਜਦੋਂ ਉਹ ਆਪਣੀ ਮਰਜ਼ੀ ਨਾਲ ਮਾਸਟਰ ਕੋਲ ਜਾਂਦੀ ਹੈ ਤਾਂ ਬਗਾਵਤ ਕਰਦੀ ਹੈ ਭਾਵੇਂ ਮਾਸਟਰ ਗੰਗਾ ਦੀ ਮਦਦ ਕਰਨੀ ਚਾਹੁੰਦਾ ਹੈ ਪਰ ਅਤੀਤ ਦਾ ਪ੍ਰਭਾਵ ਉਸਨੂੰ ਬਗਾਵਤ ਕਰਨ ਲਈ ਮਜਬੂਰ ਕਰਦਾ ਹੈ।

ਪੁੱਤਰ ਦੀ ਚਾਹਤ ਕਰਕੇ ਜੀਤੋ ਪਾਲੇ ਕੋਲੋਂ ਇਹ ਸਾਰਾ ਜ਼ੁਲਮ ਕਰਾਉਂਦੀ ਹੈ।ਸਰਪੰਚ:- "ਤੂੰ ਆਪਣੀ ਘਰੋਂ ਨੂੰ ਸ਼ੈਹਰ ਲਜਾ ਕੇ ਓ ਕੁੜੀ ,ਮੁੰਡੇ ਵਾਲਾ ਟੈਸਟ ਕਰਾਂ ਛੱਡੀਂ। ਜੇ ਕੁੜੀ ਹੋਵੇ ਤਾਂ ਉਥੇ ਈ ਗੱਡੀ ਚੜਾ ਆਵੀਂ, ਜੇ ਮੁੰਡਾ ਨਿਕਲਿਆ ਤਾਂ ਮੱਟ ਪਾ ਛੱਡੀ। ਪਹਿਲੇ ਤੋੜ ਦੀ ਮੇਰੇ ਲਈ ਰੱਖ ਲਈਂ।"[8]

ਔਰਤ ‘ਤੇ ਜ਼ੁਲਮ ਕਰਨ ਵਾਲਾ ਨਾ ਸਿਰਫ਼ ਮਰਦ ਹੈ ਅਤੇ ਨਾ ਸਿਰਫ਼ ਔਰਤ। ਇਹ ਸਮਾਜਕ ਪ੍ਰਬੰਧ ਹੀ ਹੈ ਜਿਸ ਵਿਚ ਔਰਤ ਅਤੇ ਮਰਦ ਮਿਲ ਕੇ ਇਨਸਾਨੀਅਤ ਨੂੰ ਸ਼ਰਮਸਾਰ ਕਰਦੇ ਹਨ।ਸਮਾਜ ਵਿੱਚ ਲੜਕੀਆਂ ਉੱਪਰ ਹੁੰਦਾ ਜ਼ੁਲਮ ਅਤੇ ਅਸੁਰੱਖਿਆ ਹੀ ਭਰੂਣ ਹੱਤਿਆ ਵਰਗੀਆਂ ਅਲਾਮਤਾਂ ਨੂੰ ਜਨਮ ਦਿੰਦੀ ਹੈ।ਇਹ ਔਰਤ ਉੱਪਰ ਹੁੰਦੇ ਉਸ ਜ਼ੁਲਮ ਦੀ ਕਹਾਣੀ ਹੈ ਜਿਸ ਦੇ ਅੰਤਰਗਤ ਉਸਨੂੰ ਆਪਣੇ ਹੀ ਦੇਸ਼ ਵਿਚ ਕਦੇਸਣ ਕਿਹਾ ਗਿਆ ਹੈ। ਉਸ ਔਰਤ ਨੂੰ ਥਾਂ-ਥਾ ‘ਤੇ ਖ੍ਰੀਦਿਆ-ਵੇਚਿਆ ਜਾਂਦਾ ਹੈ। ਉਸਨੂੰ ਭੋਗ ਵਿਲਾਸ ਦੀ ਵਸਤ ਜਾਣ ਕੇ ਉਸਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ।

ਗੰਗਾ ਦੀ ਜ਼ਿੰਦਗੀ ਚਾਵਾਂ, ਭਾਵਾਂ,ਉਮੰਗਾਂ,ਇੱਛਾਵਾਂ,ਪਿਆਰ,ਸਾਂਝ,ਸਤਿਕਾਰ,ਪਰਿਵਾਰ ਆਦਿ ਸ਼ਬਦਾਂ ਤੋਂ ਸੱਖਣੀ ਹੈ। ਗੰਗਾ ਵਰਗੀਆਂ ਔਰਤਾਂ ਤੇ ਜ਼ੁਲਮ ਸਾਰੇ ਸਮਾਜ ਦੇ ਸਾਹਮਣੇ ਹੁੰਦਾ ਹੈ ਪਰ ਸਰਕਾਰ ਤੇ ਸਮਾਜ ਅੰਨਿਆਂ, ਗੂੰਗਿਆਂ,ਬੋਲਿਆਂ ਭਾਂਤੀ ਸੰਵੇਦਨਸ਼ੀਲਤਾ ਤੋਂ ਸੱਖਣੇ ਹੋ ਕੇ ਇਸ ਸਭ ਨੂੰ ਅਣਗੌਲਿਆਂ ਕਰਦੇ ਹਨ।ਸਮਾਜ ਵਿਚ ਵੇਸਵਾਪੁਣਾ, ਭਰੂਣ ਹੱਤਿਆ, ਔਰਤ ਦੀ ਖਰੀਦ ਵੇਚ ਵਰਗੀਆਂ ਅਲਾਮਤਾਂ, ਸਰਕਾਰਾਂ ਦੀ ਸ਼ੈਅ ਤੇ ਪਲਦੀਆਂ ਹਨ।

ਸਵਰਾਜਬੀਰ ਨਾਟਕ ਦੇ ਖੇਤਰ ਵਿਚ ਅਜਿਹਾ ਹਸਤਾਖ਼ਰ ਹੈ ਜੋ ਮਿੱਥਾਂ ਨੂੰ ਵਰਤਦਾ ਅਤੇ ਪੁਨਰ ਸਿਰਜਤ ਕਰਦਾ ਹੈ। ਉਹ ਮਿੱਥ ਰੂਪਾਂਤਰਨ ਅਤੇ ਮਿੱਥ ਵਿਸਫੋਟਨ ਨੂੰ ਆਪਣੀ ਕਲਾ ਲਈ ਬਾਖ਼ੂਬੀ ਵਰਤਦਾ ਹੈ। ਸਵਰਾਜਬੀਰ ਨਾਟਕ ਦੇ ਖੇਤਰ ਵਿਚ ਧਰਮ ਗੁਰੂ (1999) ਰਾਹੀਂ ਪ੍ਰਵੇਸ਼ ਕਰਦਾ ਹੈ ਅਤੇ ਇਸਦੀ ਸਫਲਤਾ ਉਪਰੰਤ ਉਸਨੇ ਲਗਾਤਾਰ ਨਾਟਕ ਸਿਰਜਨਾ ਦਾ ਕਾਰਜ ਕੀਤਾ ਹੈ

ਜਿਵੇਂ:-

ਕ੍ਰਿਸ਼ਨ (2000)

ਮੇਦਨੀ (2002)

ਸ਼ਾਇਰੀ(2004)

ਕੱਲਰ(2006)

ਮੱਸਿਆ ਦੀ ਰਾਤ(2013)

ਤਸਵੀਰਾਂ(2014)

ਹੱਕ(2015)

ਅਤੇ ਅਗਨੀ ਕੁੰਡ(2016)।

ਬੇਸ਼ੱਕ ਸਵਰਾਜਬੀਰ ਨੇ ਆਪਣੇ ਨਾਟਕਾਂ ਵਿਚ ਵਿਭਿੰਨ ਵਿਸ਼ਿਆਂ ਨੂੰ ਛੂਹਿਆ ਹੈ ਪਰ ਹਥਲੇ ਖੋਜ-ਪੱਤਰ ਵਿਚ ਮੇਦਨੀ, ਸ਼ਾਇਰੀ, ,ਮੱਸਿਆ ਦੀ ਰਾਤ ਅਤੇ ਤਸਵੀਰਾਂ ਨੂੰ ਅਧਿਐਨ ਆਧਾਰ ਬਣਾਇਆ ਗਿਆ ਹੈ ਕਿਉਂਕਿ ਇਹਨਾਂ ਨਾਟਕਾਂ ਵਿਚ ਉਸਨੇ ਨਾਰੀ ਨੂੰ ਕੇਂਦਰ ਵਿਚ ਲਿਆ ਹੈ। ਨਾਰੀ ਮਨ ਦੀਆਂ ਗੁੰਝਲਾਂ ਅਤੇ ਤਹਿਆਂ ਨੂੰ ਫਰੋਲਦੇ ਹੋਏ ਸਮਾਜ ਵਿਚ ਔਰਤ ਦੇ ਸਥਾਨ ਸੰਬੰਧੀ ਬਿਰਤਾਂਤ ਸਿਰਜਿਆ ਗਿਆ ਹੈ। ਧਰਮ ਗੁਰੂ ਤੋਂ ਪਤਾ ਲੱਗਦਾ ਹੈ ਕਿ ਇਸਤਰੀਆਂ ਦਾ ਧਰਮ ਸਭਾ 'ਚ ਜਾਣਾ ਮਨ੍ਹਾ ਸੀ, ਉਸ ਸਮੇਂ ਦੀ ਔਰਤ ਨੂੰ ਸਮਾਜਕ, ਰਾਜਨੀਤਿਕ, ਧਾਰਮਿਕ ਮਾਮਲਿਆਂ ਤੋਂ ਪਰੇ ਹੀ ਰੱਖਿਆ ਜਾਂਦਾ ਸੀ।"ਮੱਧਕਾਲੀਨ ਸਾਹਿਤ ਵਿਚ ਪਰਮਾਤਮਾ ਅਤੇ ਮਨੁੱਖ ਵਿਚਲੇ ਰਿਸ਼ਤੇ ਨੂੰ ਪਤੀ ਪਤਨੀ ਦੇ ਰਿਸ਼ਤੇ ਵਜੋਂ ਵਿਚਾਰਿਆ ਜਾਣਾ ਔਰਤ ਦੇ ਨਿਮਨ ਦਰਜੇ ਨੂੰ ਅਸਿੱਧੇ ਅਤੇ ਅਚੇਤ (ਜਾਂ ਸੁਚੇਤ??) ਤਰੀਕੇ ਨਾਲ ਸਵੀਕਾਰ ਕਰਨਾ ਹੈ।"[9]

ਸਤਹੀ ਪੱਧਰ ਤੇ ਨਾਟਕ ਵਿਚਲਾ ਵਿਰੋਧਾਭਾਸ ਦੋ ਔਰਤਾਂ ਵਿਚ ਨਜ਼ਰ ਆਉਂਦਾ ਹੈ ਜਿੱਥੇ ਸੁਰਜੀਤ ਕੌਰ ਆਪਣੀ ਧੀ ਮਨਦੀਪ ਦੇ ਚਾਵਾਂ,ਭਾਵਾਂ,ਰੀਝਾਂ,ਉਮੰਗਾਂ ਨੂੰ ਕੁਚਲਦੀ ਹੈ ਪਰ ਸੂਖ਼ਮ ਪੱਧਰ 'ਤੇ ਇਹ ਵਿਰੋਧ, ਤਸ਼ੱਦਦ ਔਰਤ ਦੁਆਰਾ ਨਹੀਂ ਬਲਕਿ ਮਰਦ ਦੁਆਰਾ ਕੀਤਾ ਜਾਂਦਾ ਹੈ, ਕਿਉਂਕਿ ਇੱਥੇ ਸੁਰਜੀਤ ਮਰਦ ਦੇ ਪ੍ਰਤਿਰੂਪ ਵਜੋਂ ਸਾਹਮਣੇ ਆਉਂਦੀ ਹੈ। ਉਹ ਆਪਣੀ ਅਸਲ ਹੋਂਦ ਤੋਂ ਮੁਨਕਰ ਹੈ ਅਤੇ ਪੂਰਨ ਮਰਦ ਕਹਾਉਂਦੀ ਹੈ। ਦੂਜੇ ਪਾਸੇ ਵੇਖਿਆ ਜਾਵੇ ਤਾਂ ਇਹ ਸਾਰਾ ਕੁਝ ਉਹ ਸਮਾਜਿਕ ਪ੍ਰਸਥਿਤੀਆਂ ਕਰਾਉਂਦੀਆਂ ਹਨ ਜਿਨ੍ਹਾਂ ਦੇ ਅੰਤਰਗਤ ਸੁਰਜੀਤ ਕੌਰ ਦੇ ਅੰਦਰ ਮਰਦ ਬਣਨ ਦੀ ਲੋਚਾ ਉਤਪੰਨ ਹੁੰਦੀ ਹੈ। ਮਰਦ ਦੇ ਸਮਾਨ ਸ਼੍ਰੇਸ਼ਟਤਾ ਅਤੇ ਸੱਤਾ ਪ੍ਰਾਪਤੀ ਦੀ ਲੋਚਾ ਕਰਕੇ ਉਸਨੂੰ ਆਪਣੇ ਨਾਰੀਤਵ ਦਾ ਤਿਆਗ ਕਰਨਾ ਪੈਂਦਾ ਹੈ ਕਿਉਂਕਿ ਉਸਦੇ ਅਨੁਸਾਰ ਔਰਤ ਦੇ ਰੂਪ ਵਿਚ ਉਹ ਕਦੀ ਸ਼੍ਰੇਸ਼ਟ ਨਹੀਂ ਬਣ ਸਕਦੀ।

ਉਹ ਆਪਣੇ ਇਸਤਰੀ ਅਸਤਿਤਵ ਨੂੰ ਖ਼ਤਮ ਕਰਕੇ ਸੰਤ ਦੇ ਕਹਿਣ ਮੁਤਾਬਕ ਮਰਦ ਦੇ ਰੂਪ ਵਿਚ ਨਵੀਂ ਹੋਂਦ ਅਖ਼ਤਿਆਰ ਕਰਦੀ ਹੈ। ਸੰਤ ਨਿਰੰਜਨ ਸਿੰਘ ਵੀ ਉਸ ਦੁਆਰਾ ਸ਼ਕਤੀ ਪਾਉਣ ਦੀਆਂ ਸੰਭਾਵਨਾਵਾਂ ਨੂੰ ਮਰਦ ਰੂਪ ਵਿਚ ਹੀ ਵੇਖਦਾ ਹੈ ਜਦੋਂ ਡੇਰੇ ਦੀ ਗੱਦੀ ਸੁਰਜੀਤ ਕੌਰ ਨੂੰ ਦੇਣ ਬਾਰੇ ਸੰਤ ਗੱਲ ਕਰਦਾ ਹੈ ਤਾਂ- ਸੁਰਜੀਤ ਕੌਰ :- "ਪਰ ਜੀ ਮੈਂ ਔਰਤ ਜਾਤ! ਇਹ ਸਭ ਕਰ ਲਵਾਂਗੀ?"ਸੰਤ ਨਿਰੰਜਨ ਸਿੰਘ:-"ਔਰਤ ਨਹੀਂ,ਤੂੰ ਮਰਦ ਏ! ਮਰਦ...ਜਿਸਨੇ ਸਾਡੇ ਨਾਲ ਸਤਸੰਗ ਕੀਤਾ, ਉਹ ਮਰਦ ਹੋ ਗਿਆ।....ਸੰਪੂਰਨ ਮਰਦ,[10]

ਸਿਰ ਤੇ ਪੱਗੜੀ ਸਜਾਓ, ਇਹਨੂੰ ਮਰਦ ਬਣਾਓ!
ਇਹ ਹੈ ਮਾਤਾ ਸਾਹਿਬ!...ਮਹਿੰਦੀ ਨਾ ਚੰਦਨ!
ਸਾਕ ਨਾ ਬੰਧਨ![11]

ਸੁਰਜੀਤ ਕੌਰ ਮਹਿੰਦੀ, ਚੰਦਨ ਵਾਲਾ ਸੁਹਜ ਖ਼ਤਮ ਕਰਕੇ ਹਰ ਪੱਖੋਂ ਆਜ਼ਾਦ ਹੋ ਜਾਂਦੀ ਹੈ। ਮਾਂ ਧੀ ਦੇ ਰਿਸ਼ਤੇ ਦੀ ਗਰਿਮਾ ਨੂੰ ਖ਼ਤਮ ਕਰਕੇ ਧੀ ਦੀ ਕਾਤਲ ਵਜੋਂ ਉਭਰਦੀ ਹੈ। ਉਸਦੇ ਅੰਦਰਲੀ ਨਾਰੀ, ਮਮਤਾ ਉਸਨੂੰ ਹਲੂਣਦੀ ਹੈ ਪਰ ਫਿਰ, ਸੱਤਾ, ਸ਼ਕਤੀ, ਸ਼੍ਰੇਸ਼ਟਤਾ ਦੀ ਚਾਹਤ ਉਸਦੇ ਅੰਦਰਲੀ ਨਾਰੀ ਸੰਵੇਦਨਾ ਨੂੰ ਖ਼ਤਮ ਕਰਕੇ ਧੀ ਦੇ ਵਿਰੁੱਧ ਖੜਾ ਕਰਦੀ ਹੈ। ਸੁਰਜੀਤ ਕੌਰ ਧਰਮ ਅਤੇ ਰਾਜਨੀਤੀ ਦੀ ਆੜ ਵਿਚ ਮਨਦੀਪ ਨੂੰ ਖ਼ਤਮ ਕਰਦੀ ਹੈ। ਸੁਰਜੀਤ ਸੰਤ ਨਿਰੰਜਨ ਤੇ ਅਮੋਲਕ ਵਰਗਿਆਂ ਨਾਲ ਗੈਰ ਸਮਾਜਕ ਸੰਬੰਧਾਂ ਵਿਚ ਬੱਝਦੀ ਹੈ। ਉਹ ਨਾ ਆਦਰਸ਼ ਪਤਨੀ ਅਤੇ ਨਾ ਚੰਗੀ ਮਾਂ ਬਣ ਪਾਉਂਦੀ ਹੈ, ਪਰ ਮਨਦੀਪ ਚੰਗੀ ਪਤਨੀ ਤੇ ਮਾਂ ਬਣਨ ਦੀ ਚਾਹਵਾਨ ਹੈ।ਸੁਰਜੀਤ ਸਿਰਫ਼ ਸੱਤਾ ਸ਼ਕਤੀ ਪ੍ਰਾਪਤ ਕਰਨਾ ਚਾਹੁੰਦੀ ਹੈ।

ਮਨਦੀਪ ਅਤੇ ਸੁਰਜੀਤ ਦੀਆਂ ਭਾਵਨਾਵਾਂ ਦੇ ਇਸ ਦਵੰਦ ਵਿਚੋਂ ਨਾਰੀ ਨਾਲ ਜੁੜੇ ਕਈ ਪਹਿਲੂ ਸਾਹਮਣੇ ਆਉਂਦੇ ਹਨ। ਨਾਟਕਕਾਰ ਨੇ ਨਾਰੀ ਦੀਆਂ ਅਜੋਕੀਆਂ ਸੰਭਾਵਨਾਵਾਂ ਨੂੰ ਚਿਤਰਿਆ ਹੈ ਜਿਸਦੇ ਅਧੀਨ ਨਾਰੀ ਜੇਕਰ ਸੱਤਾ 'ਤੇ ਕਾਬਜ਼ ਹੁੰਦੀ ਹੈ ਤਾਂ ਉਹ ਮਰਦ ਦੀਆਂ ਭਾਵਨਾਵਾਂ ਦਾ ਵੀ ਦਮਨ ਕਰਦੀ ਹੈ ਜਿਵੇਂ ਮੇਦਨੀ ਵਿਚ ਸੁਰਜੀਤ ਕੌਰ ਆਪਣੇ ਪਤੀ ਬਚਨ ਸਿੰਘ ਅਤੇ ਮਨਦੀਪ ਦੇ ਪ੍ਰੇਮੀ ਹਰਮੀਤ ਨਾਲ ਕਰਦੀ ਹੈ। ਦੂਜੇ ਪਾਸੇ ਮਨਦੀਪ ਵੀ ਉਸੇ ਸਦੀ ਦੀ ਔਰਤ ਹੈ ਜੋ ਅਜੋਕੇ ਸਮੇਂ ਵਿਚ ਵੀ ਆਪਣੀ ਜ਼ਿੰਦਗੀ ਦਾ ਫ਼ੈਸਲਾ ਆਪ ਨਹੀਂ ਲੈ ਸਕਦੀ ਅਤੇ ਜੇਕਰ ਉਹ ਅਜਿਹਾ ਕਰਦੀ ਹੈ ਤਾਂ ਉਸਨੂੰ ਜਾਨ ਗੁਆਉਣੀ ਪੈਂਦੀ ਹੈ।

ਸ਼ਾਇਰੀ (2004) ਵਿਚ ਰਚਿਆ ਗਿਆ। ਇਹ 21ਵੀਂ ਸਦੀ ਦੀ ਰਚਨਾ ਹੈ ਪਰ ਨਾਟਕ ਦਾ ਸਮਾਂ 19ਵੀਂ ਸਦੀ ਦੇ ਪੰਜਾਬ ਨੂੰ ਦਿਖਾਇਆ ਗਿਆ ਹੈ। ਸ਼ਾਇਰੀ ਦੀ ਨਾਇਕਾ ਆਪਣੀ ਸੁਤੰਤਰ ਹੋਂਦ ਲਈ ਉਸ ਸਮੇਂ ਦੇ ਸਮਾਜ ਨੂੰ ਤਾਲੀਮ ਅਤੇ ਸ਼ਾਇਰੀ ਦੇ ਜ਼ਰੀਏ ਸੰਘਰਸ਼ ਕਰਕੇ ਵੰਗਾਰਦੀ ਹੈ। ਉਸ ਸਮੇਂ ਔਰਤ ਵੱਲੋਂ ਸ਼ਾਇਰੀ ਕਰਨਾ ਮਰਦ ਪ੍ਰਧਾਨ ਸਮਾਜ ਵੱਲੋਂ ਪ੍ਰਵਾਨਿਤ ਅਮਲ ਨਹੀਂ ਸੀ ਕਿਉਂਕਿ ਸ਼ਾਇਰੀ ਦੇ ਜ਼ਰੀਏ ਔਰਤ ਆਪਣੇ ਹੱਕਾਂ ਦੀ ਮੰਗ ਕਰਦੀ ਹੈ, ਆਜ਼ਾਦ ਹਸਤੀ ਦੀ ਕਾਮਨਾ ਕਰਦੀ ਹੋਈ ਸਮਕਾਲੀ ਸਮਾਜਕ ਪ੍ਰਬੰਧ ਦੀਆਂ ਪਰੰਪਰਕ ਕਦਰਾਂ-ਕੀਮਤਾਂ ਨੂੰ ਵੰਗਾਰਦੀ ਹੈ। ਉਸਦੀ ਜ਼ਿੰਦਗੀ ਵਿਚ ਇਕ ਤੋਂ ਵਧੇਰੇ ਮਰਦ ਆਉਂਦੇ ਹਨ- ਰਹਿਮਤ ਅਲੀ, ਇਲਾਹੀ ਬਖ਼ਸ਼, ਗੁਲਾਬ ਦਾਸ ਆਦਿ।

ਰਹਿਮਤ ਅਲੀ ਅਤੇ ਇਲਾਹੀ ਬਖ਼ਸ਼ ਆਇਸ਼ਾ ਦੀ ਸ਼ਾਇਰੀ ਦਾ ਵਿਰੋਧ ਕਰਦੇ ਹਨ ਪਰ ਗੁਲਾਬ ਦਾਸ ਆਇਸ਼ਾ ਨੂੰ ਪੀਰੋ ਬਣਾ ਕੇ ਮੁਕਤੀ ਦੇ ਰਾਹ ਤੋਰਦਾ ਹੈ। ਨਾਟਕ ਵਿਚਲਾ ਕਾਵਿ ਅਤੇ ਆਇਸ਼ਾ ਦਾ ਸੰਵਾਦ ਔਰਤ ਦੀ ਸਥਿਤੀ ਨੂੰ ਉਲੀਕਦੇ ਹਨ ਗਾਇਕ ਮੰਡਲੀ:ਇਹ ਦੁਨੀਆਂ ਮਰਦਾਂ ਦੀ ਦੁਨੀਆਂ, ਸ਼ਾਇਰੀ ਕਰੇ ਕਿਉਂ ਤੀਵੀਂ

ਨੱਚੇ,ਗਾਏ, ਦਿਲ ਬਹਿਲਾਏ,ਤੀਵੀਂ ਤਾਂ ਹੈ ਨੀਵੀਂ।

ਬੋਲੇ ਮਰਦ ਤਾਂ ਜੱਗ ਸੁਣਦਾ,ਪਰ ਕਿਉਂ ਬੋਲੇ ਤੀਵੀਂ?

ਆਇਸ਼ਾ:-ਮਰਦ ਬੋਲੇ ਤਾਂ ਸਾਰੇ ਸੁਣਦੇ, ਹੁਣ ਬੋਲੇਗੀ ਤੀਵੀਂ!

ਸਾਰੇ ਬੰਦੇ ਜਾਤ ਖ਼ੁਦਾ ਦੀ, ਤੀਵੀਂ ਕਦੇ ਨਾ ਨੀਵੀਂ!..[12]

ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਅਪੂਰਨ ਮੰਨਿਆ ਗਿਆ ਹੈ ਜੋ ਮਰਦ ਦੀ ਹੋਂਦ ਦੇ ਨਾਲ ਹੀ ਪੂਰਨਤਾ ਨੂੰ ਪ੍ਰਾਪਤ ਕਰ ਸਕਦੀ ਹੈ, ਪਰ ਆਇਸ਼ਾ ਆਪਣੀ ਹੋਂਦ ਦੀ ਗੱਲ ਕਰਕੇ ਇਲਾਹੀ ਬਖ਼ਸ਼ ਵਰਗਿਆਂ ਨੂੰ ਆਪਣਾ ਜਾਨੀ ਦੁਸ਼ਮਣ ਬਣਾ ਲੈਂਦੀ ਹੈ। ਰਹਿਮਤ ਅਲੀ ‘ਤੇ ਵਿਸ਼ਵਾਸ ਕਰਕੇ ਆਇਸ਼ਾ ਸਮਾਜਕ ਕਦਰਾਂ-ਕੀਮਤਾਂ ਅਤੇ ਪਰਿਵਾਰਕ ਇੱਜ਼ਤ ਨੂੰ ਕੁਚਲ ਕੇ, ਘਰੋਂ ਭੱਜ ਜਾਂਦੀ ਹੈ। ਪ੍ਰੰਤੂ ਰਹਿਮਤ ਅਲੀ ਨਾ ਉਸਦੇ ਨਾਲ ਵਿਆਹ ਕਰਦਾ ਹੈ ਤੇ ਨਾ ਹੀ ਉਸਦੀ ਇੱਜ਼ਤ। ਰਹਿਮਤ ਅਲੀ:- “ ਘਰੋਂ ਭੱਜ ਨਿਕਲਣ ਵਾਲੀ ਕੁੜੀ ਤੇ ਅੱਲ੍ਹਾ ਦੀਆਂ ਗੱਲਾਂ! ਆਪਣੀ ਔਕਾਤ ਵਿਚ ਰਹਿ ਆਇਸ਼ਾ...”[13] ਰਹਿਮਤ ਅਲੀ ਵੀ ਮਰਦ ਪ੍ਰਧਾਨ ਸਮਾਜ ਦੀਆਂ ਉਹਨਾਂ ਕਦਰਾਂ-ਕੀਮਤਾਂ ਦੀ ਰਾਖੀ ਕਰਦਾ ਹੈ ਜੋ ਉਸਦੇ ਹੱਕ ਅਤੇ ਨਾਰੀ ਮੁਕਤੀ ਦੇ ਵਿਰੋਧ ਵਿਚ ਹਨ। ਆਇਸ਼ਾ ਮੁਕਤੀ ਪ੍ਰਾਪਤੀ ਲਈ ਤਨ ਅਤੇ ਮਨ ਦੀ ਦਵੰਦਾਤਮਕਤਾ ਵਿਚ ਫਸ ਜਾਂਦੀ ਹੈ।

ਸਲੀਮ ਪ੍ਰਤੀ ਭਾਵਨਾਵਾਂ ਉਸਦੀ ਤਨ ਦੀ ਭੁੱਖ ਨੂੰ ਜ਼ਾਹਿਰ ਕਰਦੀਆਂ ਹਨ, ਰਹਿਮਤ ਅਲੀ ਅਤੇ ਇਲਾਹੀ ਬਖ਼ਸ਼ ਵੀ ਇਸੇ ਭੁੱਖ ਦਾ ਹਿੱਸਾ ਹਨ। ਗੁਲਾਬਦਾਸ ਦੀ ਸ਼ਰਨ ‘ਚ ਜਾ ਕੇ ਉਸਦੇ ਤਨ ਅਤੇ ਮਨ ਦੀ ਤ੍ਰਿਪਤੀ ਹੁੰਦੀ ਹੈ ਪਰ ਨਾਟਕ ਦੇ ਅੰਤ ਵਿਚ ਨਾਰੀਵਾਦ ਦਾ ਉਹੀ ਵਿਰੋਧਾਭਾਸ ਸਾਹਮਣੇ ਆਉਂਦਾ ਹੈ ਜਿਸਦੇ ਤਹਿਤ ਔਰਤ ਮਰਦ ਨੂੰ ਪਾ ਕੇ ਹੀ ਸੰਪੂਰਨਤਾ ਦਾ ਅਹਿਸਾਸ ਕਰਦੀ ਹੈ। ਪੀਰੋ, ਪੀਰ ਨੂੰ ਪਾ ਕੇ ਹੀ ਪੂਰਨ ਹੁੰਦੀ ਹੈ। ਨਾਟਕ ਵਿਚ ਨਾਇਕਾ ਇੱਕ ਪਾਸੇ ਸੁਤੰਤਰ ਹੋਂਦ ਚਾਹੁੰਦੀ ਹੈ ਅਤੇ ਦੂਜੇ ਪਾਸੇ ਪੂਰਨ ਮਰਦ ਦੀ ਤਲਾਸ਼ ਵਿਚ ਹੈ ਜੋ ਉਸਦੀ ਹੋਂਦ ਦਾ ਆਧਾਰ ਬਣਦਾ ਹੈ।

ਮੱਸਿਆ ਦੀ ਰਾਤ (2013) ਵਿਚ ਪੁੱਤਰ ਪ੍ਰਾਪਤੀ ਦੀ ਲਾਲਸਾ ਦਾ ਸਿਖ਼ਰ ਦਿਖਾਇਆ ਗਿਆ ਹੈ। ਭਾਰਤੀ ਪ੍ਰਾਚੀਨ ਪਰੰਪਰਾ ਮੁਤਾਬਕ ਪੁੱਤਰ ਨਾਲ ਹੀ ਵੰਸ਼ ਅੱਗੇ ਵੱਧਦਾ ਹੈ, ਪੁੱਤਰ ਪ੍ਰਾਪਤੀ ਨਾਲ ਹੀ ਸਹੁਰੇ ਘਰ ਵਿਚ ਔਰਤ ਨੂੰ ਸਨਮਾਨ ਮਿਲਦਾ ਹੈ।ਨਾਟਕ ਵਿੱਚ ਚੰਨੋ ਦੀਆਂ ਤਿੰਨ ਧੀਆਂ ਹਨ ਜਦੋਂ ਉਹ ਪਤੀ ਅਤੇ ਸੱਸ ਤੇਜ ਕੌਰ ਨੂੰ ਪੁੱਤਰ ਪ੍ਰਾਪਤੀ ਲਈ ਦੂਜੇ ਵਿਆਹ ਬਾਰੇ ਗੱਲ ਕਰਦਿਆਂ ਸੁਣਦੀ ਹੈ ਤਾਂ ਉਸਦੀ ਹੋਂਦ ਨੂੰ ਖ਼ਤਰਾ ਪੈ ਜਾਂਦਾ ਹੈ ਜਿਸ ਕਰਕੇ ਉਹ ਧਾਰਮਿਕ ਆਸਥਾ ਅਤੇ ਜਾਦੂ ਟੂਣਾ ਚਿੰਤਨ ਦਾ ਸਹਾਰਾ ਲੈਂਦੀ ਹੈ। ਸਮਾਜਕ ਮਜਬੂਰੀਆਂ, ਸਵੈ ਹੋਂਦ ਦਾ ਖ਼ਤਰਾ ਅਤੇ ਪੁੱਤਰ ਪ੍ਰਾਪਤੀ ਦੀ ਅੰਨੀ ਖਾਹਿਸ਼ ਉਸਦੇ ਅੰਦਰਲੀ ਨਾਰੀ ਸੰਵੇਦਨਾ ਨੂੰ ਖ਼ਤਮ ਕਰਦੇ ਹਨ ਅਤੇ ਅਜਿਹੇ ਹਾਲਾਤ ਵਿਚੋਂ ਗੁਜ਼ਰਦੀ ਹੈ ਕਿ ਅੰਤ ਵਿੱਚ ਉਸਦੀ ਮਾਨਸਿਕਤਾ ਦਾ ਕਰੂਰ ਅਤੇ ਵਿਕਰਾਲ ਰੂਪ ਸਾਹਮਣੇ ਆਉਂਦਾ ਹੈ। ਮਮਤਾ ਦੀ ਮੂਰਤ ਮੰਨੀ ਜਾਣ ਵਾਲੀ ਔਰਤ ਪੁੱਤਰ ਪ੍ਰਾਪਤੀ ਲਈ ਕਿਸੇ ਹੋਰ ਦੇ ਬੱਚੇ ਦੀ ਬਲੀ ਦੇਣ ਲਈ ਵੀ ਤਿਆਰ ਹੋ ਜਾਂਦੀ ਹੈ।

"ਕਾਲੀ ਬੋਲੀ ਰਾਤ ਦੇ ਨੇਰ੍ਹੇ ਵਿਚ ਮੈਂ ਮਰਦ ਬੱਚੇ ਦੀ ਬਲੀ ਦਿੱਤੀ! ਖ਼ੂਨ ਵਹਾਇਆ ਤੇ ਉਹਨੂੰ ਪਾਣੀ 'ਚ ਪਾਇਆ...! ਫਿਰ ਨਾਤ੍ਹੀ! ਨ੍ਹਾਤੀ ਤਾਂ ਫਿਰ ਇਕਦਮ ਠੰਢ ਪੈ ਗਈ!..ਤੇ ਫਿਰ..ਫਿਰ ਮੇਰੀ ਕੁੱਖ 'ਚੋਂ ਕੋਈ ਬੋਲਿਆ..ਹਾਂ ਮੇਰਾ ਪੁੱਤ ਬੋਲਿਆ!..ਮੈਂ ਉਸਦੀ ਆਵਾਜ਼ ਸੁਣੀ! ਹਾਂ, ਹੁਣ ਮੈਂ ਪੁੱਤ ਜੰਮਾਗੀ।"[14] ਨਾਟਕ ਵਿਚ ਚੰਨੋ ਖਲਨਾਇਕਾ ਵਾਂਗ ਉਭਰਦੀ ਹੈ ਪਰ ਉਸਦੀ ਇਹ ਹਾਲਤ ਕਰਨ ਵਾਲਾ ਉਸਦਾ ਪਤੀ, ਸੱਸ ਤੇ ਸਮਾਜ ਹਨ। ਚੰਨੋ ਆਪਣੀਆਂ ਧੀਆਂ ਨੂੰ ਪਿਆਰ ਕਰਦੀ ਹੈ, ਕੁੱਖ ਦੇ ਬੱਚੇ ਨੂੰ ਵੀ ਆਧੁਨਿਕ ਤਕਨੀਕਾਂ ਜ਼ਰੀਏ ਨਹੀਂ ਮਾਰਦੀ ਪਰ ਸਹੁਰੇ ਘਰ ਅਤੇ ਸਮਾਜ ਦੀ ਖ਼ਾਤਿਰ ਪੁੱਤ ਪਾਉਣਾ ਚਾਹੁੰਦੀ ਹੈ। ਇਸਦੇ ਲਈ ਉਹ ਅੰਤ ਵਿਚ ਆਪਣਾ ਆਪਾ ਖੋਹ ਬੈਠਦੀ ਹੈ ਅਤੇ ਸਮਾਜਕ ਕਦਰਾਂ-ਕੀਮਤਾਂ ਦੀ ਬਲੀ ਚੜ੍ਹ ਜਾਂਦੀ ਹੈ। ਸਾਡੇ ਸਮਾਜ ਵਿਚ ਵਿਹਾਰਕ ਪੱਧਰ 'ਤੇ ਅੱਜ ਵੀ ਔਰਤ ਦੀ ਸਥਿਤੀ ਸੁਧਰੀ ਨਹੀਂ, ਪੁੱਤ ਜੰਮਣ 'ਤੇ ਹੀ ਮਾਂ ਨੂੰ ਵਡਿਆਈ ਮਿਲਦੀ ਹੈ ਇਹ ਕੌੜਾ ਸੱਚ ਹੈ ਅਤੇ ਸਵਰਾਜਬੀਰ ਨੇ ਇਸਨੂੰ ਬਾਖ਼ੂਬੀ ਚਿਤਰਿਆ ਹੈ।

ਤਸਵੀਰਾਂ (2015) ਦੇ ਕੇਂਦਰ ਵਿਚ ਵੀ ਔਰਤ ਹੈ। ਨਾਟਕ ਵਿਚਲੇ ਮਰਦ ਪਾਤਰ, ਇਸਤਰੀ ਪਾਤਰਾਂ ਦੇ ਮਨ, ਸੋਚ ਅਤੇ ਵਿਚਾਰਾਂ ਵਿਚ ਤਸਵੀਰਾਂ ਦੀ ਭਾਂਤੀ ਵਿਦਮਾਨ ਹਨ।ਨਾਟਕ ਦੇ ਮੁੱਖ ਤਿੰਨ ਇਸਤ੍ਰੀ ਪਾਤਰ ਹਨ- ਈਸ਼ਵਰ, ਸਿਮਰਨ ਅਤੇ ਚੰਦਾ। ਇਹ ਤਿੰਨੇ ਪਾਤਰ ਅਜੋਕੇ ਸਮਾਜ ਦੀਆਂ ਪੜ੍ਹੀਆਂ ਲਿਖੀਆਂ ਉਹ ਔਰਤਾਂ ਹਨ ਜੋ ਆਪਣੀ ਸੁਤੰਤਰ ਹੋਂਦ ਪ੍ਰਤੀ ਚੇਤੰਨ ਹਨ। ਉਹਨਾਂ ਨੂੰ ਜ਼ਿੰਦਗੀ ਦੇ ਫ਼ੈਸਲੇ ਲੈਣੁ ਦੀ ਤਾਂਘ ਵੀ ਹੈ ਅਤੇ ਆਜ਼ਾਦੀ ਵੀ। ਪਰ ਕਿਤੇ ਨਾ ਕਿਤੇ ਇਕ ਡਰ ਹੈ ਜੋ ਇਹਨਾਂ ਫ਼ੈਸਲਿਆਂ ਦੇ ਨਤੀਜਿਆਂ ਵਿਚ ਪਿਆ ਹੈ। ਤਿੰਨਾਂ ਦੀ ਜ਼ਿੰਦਗੀ ਵਿਚ ਆਦਰਸ਼ ਮਰਦ ਦੀ ਅਣਹੋਂਦ ਹੈ ਜਿਸਨੂੰ ਉਹ ਮਹਿਸੂਸ ਕਰਦੀਆਂ ਹਨ। ਈਸ਼ਵਰ ਆਪਣੇ ਵਿਆਹ ਦਾ ਫ਼ੈਸਲਾ ਨਹੀਂ ਲੈ ਸਕੀ ਅਤੇ ਉਸਦੀ ਭੈਣ ਸਿਮਰਨ ਨੇ ਵਿਆਹ ਲਈ ਗ਼ਲਤ ਮਰਦ ਨੂੰ ਚੁਣਿਆ। ਦੋਵੇਂ ਭੈਣਾਂ ਗ੍ਰਹਿਸਥੀ ਜੀਵਨ ਵਿਚ ਅਸਫ਼ਲ ਹਨ ਪਰ ਫਿਰ ਵੀ ਉਹ ਮਿਲ ਕੇ ਚੰਦਾ ਦੇ ਵਿਆਹ ਦਾ ਫ਼ੈਸਲਾ ਲੈਣਾ ਚਾਹੁੰਦੀਆਂ ਹਨ। ਧਨ, ਦੌਲਤ, ਅਹੁਦਾ ਅਤੇ ਸੁਤੰਤਰਤਾ ਹੋਣ ਦੇ ਬਾਵਜੂਦ ਵੀ ਉਹ ਪਰਿਵਾਰਕ ਪੱਖੋਂ ਅਧੂਰੀਆਂ ਹਨ।

ਇਹ 21ਵੀਂ ਸਦੀ ਦੀ ਉਹ ਔਰਤ ਹੈ ਜੋ ਪਰੰਪਰਕ ਔਰਤ ਵਾਂਗ ਘਰ ਦੀ ਚਾਰਦੀਵਾਰੀ ਵਿਚ ਕੈਦ ਨਹੀਂ ਬਲਕਿ ਉਹ ਅੱਜ ਦੀ ਨੌਕਰੀ ਪੇਸ਼ਾ ਕਰਨ ਵਾਲੀ ਆਜ਼ਾਦ ਔਰਤ ਹੈ ਜੋ ਆਰਥਿਕ ਅਤੇ ਸਮਾਜਕ ਪੱਖੋਂ ਖਾਣ-ਪੀਣ, ਪਹਿਨਣ ਆਦਿ ਲਈ ਸੁਤੰਤਰ ਹੈ। ਨਾਟਕ ਵਿਚ ਔਰਤ ਦੀ ਅਜਿਹੀ ਤਸਵੀਰ ਪੇਸ਼ ਕੀਤੀ ਗਈ ਹੈ ਜੋ ਮੱਧਕਾਲੀ ਔਰਤ ਨਾਲ ਜੁੜੇ ਢਾਂਚੇ ਨੂੰ ਖੇਰੂੰ-ਖੇਰੂੰ ਕਰਦੀ ਹੈ। ਇਹ ਔਰਤ ਬੇਸ਼ੱਕ ਜ਼ਿੰਦਗੀ ਵਿਚ ਮਰਦ ਦੀ ਕਮੀ ਕਾਰਨ ਭਾਵਨਾਵਾਂ ਨੂੰ ਲੱਗਦੀ ਠੇਸ ਦੇ ਦਰਦ ਨੂੰ ਮਹਿਸੂਸ ਕਰਦੀ ਹੈ ਪਰ ਜ਼ਿੰਦਗੀ ਜਿਊਣ ਅਤੇ ਫੈਸਲੇ ਲੈਣ ਪ੍ਰਤੀ ਆਜ਼ਾਦੀ ਨੂੰ ਮਾਣਦੀ ਹੈ। ਨਾਟਕਕਾਰ ਨੇ ਔਰਤ ਦੇ ਮੁਹਾਂਦਰੇ ਨੂੰ ਨਵੇਂ ਅਰਥਾਂ ਵਿਚ ਪੇਸ਼ ਕੀਤਾ ਹੈ।

21ਵੀਂ ਸਦੀ ਦੇ ਇਹਨਾਂ ਨਾਟਕਾਂ ਵਿਚ ਔਰਤ ਦੀ ਭੂਮਿਕਾ ਨੂੰ ਬਹੁਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ। ਇਕ ਪਾਸੇ ਉਹ ਔਰਤ ਹੈ ਜੋ ਖ਼ਰੀਦ ਵੇਚ ਦਾ ਸ਼ਿਕਾਰ ਹੁੰਦੀ ਹੈ ਅਤੇ ਪਸ਼ੂਆਂ ਤੋਂ ਵੀ ਬਦਤਰ ਹਾਲਤ ਵਿਚ ਹੈ। ਸ਼ਾਇਰੀ ਵਿਚ ਔਰਤ ਦੀ ਤਾਲੀਮ ਅਤੇ ਸ਼ਾਇਰੀ ਦਾ ਵਿਰੋਧ ਕਰਕੇ ਉਸਨੂੰ ਪੈਰ ਦੀ ਜੁੱਤੀ ਕਿਹਾ ਗਿਆ। ਮੱਸਿਆ ਦੀ ਰਾਤ ਵਿਚ ਉਹ ਪਰੰਪਰਕ ਔਰਤ ਹੈ ਜੋ ਸਮਾਜਕ ਅਖੌਤੀ ਕਦਰਾਂ-ਕੀਮਤਾਂ ਅਤੇ ਰੂੜੀਵਾਦੀ ਵਿਚਾਰਾਂ ਦੀਆਂ ਮਜਬੂਰੀਆਂ ਤਹਿਤ ਜਾਦੂ-ਟੂਣਾ ਵਿਧੀਆਂ ਦੇ ਜ਼ਰੀਏ ਬਲੀ ਦੇ ਕੇ ਪੁੱਤਰ ਪ੍ਰਾਪਤੀ ਦੀ ਚਰਮ ਸੀਮਾ ਤੱਕ ਪਹੁੰਚਦੀ ਹੈ। ਦੂਜੇ ਪਾਸੇ ਉਹ ਔਰਤ ਹੈ ਜੋ ਆਪਣੀ ਹੋਂਦ ਲਈ ਸੰਘਰਸ਼ ਕਰਦੀ ਹੈ।21ਵੀਂ ਸਦੀ ਦਾ ਪੰਜਾਬੀ ਨਾਟਕ ਔਰਤ ਦੇ ਪਰੰਪਰਕ ਰੂਪ, ਲਾਚਾਰ, ਮਜ਼ਬੂਰ, ਗੁਲਾਮ ਇਸਤਰੀ ਨੂੰ ਵੀ ਚਿਤਰਦਾ ਹੈ ਅਤੇ ਆਪਣੇ ਹੱਕਾਂ ਤੇ ਪਹਿਰਾ ਦੇਣ ਵਾਲੀ ਔਰਤ ਦੀ ਵੀ ਬਾਖ਼ੂਬੀ ਪੇਸ਼ਕਾਰੀ ਕਰਦਾ ਹੈ।

ਡਾ.ਮਨਦੀਪ ਕੌਰ
ਪੰਜਾਬੀ ਵਿਭਾਗ
ਐੱਚ.ਐੱਮ.ਵੀ.
ਜਲੰਧਰ